


# ਵੇਈਂ ਨਾਮਾ..

(ਸੰਤ ਬਲਬੀਰ ਸਿੰਘ ਸੀਚੇਵਾਲ ਦਾ ਮਹਾਂ-ਕਾਵਿਕ ਜੀਵਨ ਬਿਰਤਾਂਤ)

ਲੇਖਕ:-ਜਸਬੀਰ ਸਿੰਘ ਵਾਟਾਂਵਾਲੀ

# ਵੇਣੀਂ ਨਾਮਾ

## (ਸੰਤ ਬਲਬੀਰ ਸਿੰਘ ਸੀਚੇਵਾਲ ਦਾ ਮਹਾਂ-ਕਾਵਿਕ ਜੀਵਨ ਬਿਰਤਾਂਤ)

ਜਸਬੀਰ ਸਿੰਘ ਵਾਟਾਂ ਵਾਲੀ

# ਅਕਾਲ ਦੀ ਉਸਤਤ

ੴ ਜਗਤ ਦਾ ਵਲੀ ਵਾਲੀ, ਸੋਹਣੇ ਰੂਪ ਨੇ ਸਰਗੁਣੀ ਲੱਖ ਉਹਦੇ।
ਲੱਖ ਧਰਤੀਆਂ ਤਪਣ ਅਕਾਸ਼ ਸੂਰਜ, ਚੰਦ ਚਮਕਦੇ ਮੰਡਲੀਂ ਵੱਖ ਉਹਦੇ।
ਲੱਖ ਪਹਾੜ-ਪਤਾਲ, ਮੈਦਾਨ-ਸਾਗਰ, ਕਾਮਲ-ਕੁਦਰਤੋਂ ਦਰਸ ਪਰਤੱਖ ਉਹਦੇ।
ਪੌਣ-ਪਾਣੀ ਤੇ ਅਗਨ-ਆਕਾਸ਼ ਮਿੱਟੀ, ਪੰਜ ਤੱਤਾਂ ਤੋਂ ਮੁਲਖ-ਮਲੱਖ ਉਹਦੇ।
ਉਹਦਾ ਕਥਨ-ਕਲਾਮ ਹੈ ਦੂਰ ਕਲਮੋਂ, ਹੋਰ ਖ਼ਬਰੇ ਨੇ ਕਿੰਨੇ ਕੁ ਪੱਖ ਉਹਦੇ।
'ਵਾਟਾਂ ਵਾਲੀਆ' ਵੱਖਰਤਾ ਵਿੱਚ ਵੱਸੇ, ਤਾਜ ਮਹਿਲ ਕੀ, ਕੁੱਲੀਆਂ ਕੱਖ ਉਹਦੇ।

# ਭੂਮਿਕਾ

ਸੀਚੇ ਵਾਲਿਆਂ ਸੰਤਾਂ ਦੀ ਸੁਣੋ ਗਾਥਾ, ਪੰਥ ਨਿਰਮਲਾ, ਨਿਰਮਲ ਹੀ ਨੂਰ ਦਿਸੇ।
ਕਿਵੇਂ ਹੋਂਵਦੀ ਨਰਕ ਤੋਂ ਸਵਰਗ ਧਰਤੀ, ਹੋਰ ਕਿਤੇ ਨਹੀਂ ਇਥੇ ਜ਼ਰੂਰ ਦਿਸੇ।
ਸੇਵਾ ਜਦੋਂ ਸੀ ਵੇਈਂ ਦੀ ਸ਼ੁਰੂ ਕੀਤੀ, ਲੋਕਾਂ ਆਖਿਆ ਦਿੱਲੀ ਤਾਂ ਦੂਰ ਦਿਸੇ।
ਝੂਠੇ ਕਾਬਜ਼ਾਂ ਵੇਈਂ ਦੀ ਹੋਂਦ ਮੇਟੀ, ਉਹਨਾਂ ਆਖਿਆ ਬਾਬਾ ਮਗ਼ਰੂਰ ਦਿਸੇ।
ਜ਼ਹਿਰਾਂ ਘੋਲ਼ਦੇ ਵੇਈਂ ਵਿੱਚ ਕਾਰਖ਼ਾਨੇ, ਗੰਦ-ਸੀਵਰੇਜ ਸੀਨੇ ਨਾਸੂਰ ਦਿਸੇ।
ਉਤੋਂ ਸੜੀਆਂ ਸਰਕਾਰਾਂ ਨੇ ਰਾਹ ਰੋਕੇ, ਨੇਤਾ ਕਾਰਕੁੰਨ ਕੋਰੇ-ਕਰੂਰ ਦਿਸੇ।
ਇੰਝ ਵੇਖ ਕੇ ਵੇਈਂ ਦਾ ਹਾਲ ਮਾੜਾ, ਗੁਰੂ ਨਾਨਕ ਦੇ ਸਨਮੁੱਖ ਹਜ਼ੂਰ ਦਿਸੇ।
ਚੰਦ ਦਿਨਾਂ ਵਿੱਚ ਸੰਗਤ ਦੀ ਆਈ ਨ੍ਹੇਰੀ, ਜੁੜੀ ਸੰਗਤ ਸੀ ਪੂਰਾਂ ਦੇ ਪੂਰ ਦਿਸੇ।
'ਵਾਟਾਂ ਵਾਲੀਆ' ਸੁਣੀ ਅਰਦਾਸ ਦਾਤੇ, ਸੱਚਾ ਕਾਰਜ ਇਹ ਧੁਰੋਂ ਮਨਜ਼ੂਰ ਦਿਸੇ।

## ਸਮੇਂ ਦੀ ਲੋੜ

ਸੁਣੋ ਸੰਗਤੇ ਸਮੇਂ ਦੀ ਲੋੜ ਡਾਢੀ, ਕਾਵਿ-ਕੀਰਤੀ ਤਾਹੀਂ ਰਚਾਉਣ ਲੱਗਾ।
ਯੁੱਗ ਬੀਤ ਗਏ ਮੰਡਲੀਂ ਹੋਈ ਹਲਚਲ, ਪਾਣੀ ਬਰਸ ਕੇ ਧਰਤ ਤੇ ਆਉਣ ਲੱਗਾ।
ਪਾਣੀ ਵਿਚੋਂ ਸੀ ਪੈਦਾ ਸੰਸਾਰ ਹੋਇਆ, ਸੀਨਾ ਧਰਤ ਦਾ ਕਿਵੇਂ ਹਰਿਆਉਣ ਲਗਾ।
ਇਹਦੀ ਹੋਂਦ ਤੇ ਚਿੰਨ੍ਹ ਸਵਾਲ ਗਹਿਰਾ, ਬੰਦਾ ਆਧੁਨਿਕ ਜਦੋਂ ਅਖਵਾਉਣ ਲੱਗਾ।
ਹਨੇਰ-ਗ਼ਰਦੀਓਂ ਆਸ ਦੀ ਕਿਰਨ ਉੱਠੀ, ਕਾਦਰ ਕਰਤਿਓਂ ਕਲਾ ਵਰਤਾਉਣ ਲੱਗਾ।
ਸੀਚੇਵਾਲ ਦੀ ਧਰਤ ਦਾ ਕਰਮ-ਯੋਗੀ, ਨਵੀਂ ਪਿਰਤ ਤੇ ਪੂਰਨੇ ਪਾਉਣ ਲੱਗਾ।
ਪਵਣ ਗੁਰੂ ਤੇ ਪਾਣੀ ਏ ਪਿਤਾ ਸਾਡਾ, ਗੱਲ ਗੁਰੂ ਦੀ ਆਖੀ ਸਮਝਾਉਣ ਲੱਗਾ।
'ਵਾਟਾਂ ਵਾਲੀਆਂ' ਜੋੜ ਕੇ ਮਿਸਰਿਆਂ ਨੂੰ, ਛੰਦ ਮਾਤਰੋਂ ਬੈਂਤ ਬਣਾਉਣ ਲੱਗਾ।

## ਕਿੱਸਾ ਆਰੰਭ ਕਿਵੇਂ ਹੋਇਆ ?

ਉਣੱਤੀ ਫਰਵਰੀ ਵੀਹ ਸੌ ਗਿਆਰ੍ਹਵੀਂ ਨੂੰ , 'ਵਾਟਾਂਵਾਲੀਆ' ਰਾਤ ਨੂੰ ਉੱਠ ਬੈਠਾ ।
ਉਹਦੇ ਜ਼ਿਹਨ ਵਿੱਚ ਭਾਵਨਾ ਬਣੀ ਪਰਬਲ, ਚੁੱਪ ਚਿਰਾਂ ਦਾ ਬੰਦ ਤੂੰ ਮੁੱਠ ਬੈਠਾ।


ਫੜ੍ਹੇ ਕਲਮ ਕਾਗਜ਼, ਕਿੱਸਾ ਸ਼ੁਰੂ ਕੀਤਾ, ਕੋਠੇ ਵਿੱਚ ਸੀ ਪਹਾੜ ਦੀ ਗੁੱਠ ਬੈਠਾ।
ਚੱਲੀ ਕਲਮ ਕਰਤਾਰ ਦੇ ਹੁਕਮ ਸਦਕਾ, ਜਾਂ ਫਿਰ ਆਪ ਕਰਤਾਰ ਹੀ ਤੁੱਠ ਬੈਠਾ।
ਰਾਤ ਅੱਧੀ ਸ਼ੁਰੂ ਸੀ ਪਹਿਰ ਪਹਿਲਾ, ਸ਼ਾਂਤ ਸਮਾਂ ਵੀ ਲਿਖਣ ਲਈ ਢੁੱਕ ਬੈਠਾ।
'ਵਾਟਾਂ ਵਾਲੀਆ' ਕਿੱਸਾ ਇਹ ਜੁੱਗ ਚੱਲੂ, ਜੁੱਗ ਜਿੰਨੇ ਜੀਂਵਦਾ ਮਨੁੱਖ ਬੈਠਾ।

## ਧਰਤੀ ਦਾ ਹਾਲ

ਛਾਈ ਧਰਤ ਤੇ ਬੜੀ ਹਨੇਰ-ਗਰਦੀ, ਇਥੇ ਹੱਥ ਨੂੰ ਹੱਥ ਹੀ ਖਾਈ ਜਾਂਦੇ।
ਲੋਭ ਚੜ੍ਹੇ ਅਸਮਾਨ ਤੇ ਲੋਭੀਆਂ ਦੇ, ਵਿੱਚ ਲਾਲਚਾਂ ਪਾਪ ਕਮਾਈ ਜਾਂਦੇ।




ਨਵਾਂ ਯੁੱਗ, ਉਦਯੋਗ, ਕਿਰਸਾਨ-ਧੰਦੇ, ਵਿੱਚ ਪਾਣੀਆਂ ਜ਼ਹਿਰ ਰਲਾਈ ਜਾਂਦੇ।
ਜ਼ਹਿਰਾਂ ਬੀਜਦੇ, ਪਾਲਦੇ-ਪੋਸਦੇ ਨੇ, ਜੀਓ-ਜੀਆਂ ਨੂੰ ਜ਼ਹਿਰ ਖੁਵਾਈ ਜਾਂਦੇ।

ਬੁਰਾ ਹਾਲ ਏ ਧਰਤ ਦੇ ਪਾਣੀਆਂ ਦਾ, ਹਵਾ ਧਰਤ ਦੀ ਬੜੀ ਬਦਹਾਲ ਹੋਈ।
ਜੇਹੀ ਬੀਤਦੀ ਧਰਤ ਦੇ ਪਾਣੀਆਂ ਤੇ, ਵੱਧ ਓਸ ਤੋਂ ਰੁੱਖਾਂ ਦੇ ਨਾਲ਼ ਹੋਈ।

ਸਾੜ -ਫੂਕ ਦੇ ਹੋਏ ਇਨਸਾਨ ਆਦੀ , ਔਖੀ ਬਦਲਣੀ ਉਨ੍ਹਾਂ ਦੀ ਚਾਲ ਹੋਈ।
ਪੌਣਾਂ ਫੂਕੀਆਂ, ਧਰਤ ਵੀ ਫੂਕ ਸੁੱਟੀ, ਅੱਤ ਅੰਬਰੀਂ ਅੱਤ ਪਾਤਾਲ਼ ਹੋਈ।

ਏਸ ਅੱਤ ਦਾ, ਖ਼ੁਦਾ ਦਾ ਵੈਰ ਹੁੰਦਾ, ਕਰੇ ਅੱਤ ਦਾ ਖ਼ਾਤਮਾ ਆਪ ਓਹੋ।
ਰਹੇ ਭੇਜਦਾ ਧਰਤ ਤੇ ਯੋਧਿਆਂ ਨੂੰ, ਦੇ ਕੇ ਧਰਮ ਦੀ ਥਾਪੜਾ ਥਾਪ ਓਹੋ।
ਕੱਟ ਜਾਂਵਦੇ ਰੋਗ ਜਨ-ਮਾਤਰਾਂ ਦੇ, ਕੱਟ ਜਾਂਵਦੇ ਚੜ੍ਹੇ ਸੰਤਾਪ ਓਹੋ।
'ਵਾਟਾਂ ਵਾਲੀਆ' ਆਪ ਦਾ ਹੁਕਮ ਆਪੇ, ਆਪੇ ਕਰੇ ਤੇ ਪਾਂਵਦਾ ਆਪ ਓਹੋ।

## ਧਰਤੀ

ਯੁੱਗਾਂ-ਯੁੱਗਾਂ ਦੇ ਕੜੇ ਸੰਘਰਸ਼ ਪਿਛੋਂ, ਹੌਲ਼ੀ-ਹੌਲ਼ੀ ਏ ਹੋਂਦ ਵਿੱਚ ਆਈ ਧਰਤੀ।
ਕੋਈ ਆਖਦਾ ਆਪ ਹੀ ਬਣੀ ਇਹੇ, ਕੋਈ ਕਹੇ ਕਰਤਾਰ ਬਣਾਈ ਧਰਤੀ।
ਕਿਵੇਂ ਸੂਰਜੋਂ ਟੁੱਟ ਕੇ ਹੋਈ ਠੰਡੀ? ਕਿਵੇਂ ਅੱਧ ਅਸਮਾਨ ਟਿਕਾਈ ਧਰਤੀ?
ਕਿਵੇਂ ਬਣੇ ਪਹਾੜ, ਮੈਦਾਨ, ਮਿੱਟੀ? ਸਰਾਂ-ਸਾਗਰਾਂ ਕਿਵੇਂ ਸਜਾਈ ਧਰਤੀ?
ਸੀਨੇ ਏਸਦੇ ਭਰੇ ਸੈਲਾਬ ਕਿੰਨੇ? ਲਾਵੇ ਦਹਿਕਦੇ ਫਿਰੇ ਦਬਾਈ ਧਰਤੀ।

ਕਿੰਨੇ ਏਸਤੇ ਫ਼ਨ੍ਹਾ ਸੰਸਾਰ ਹੋ ਗਏ, ਕਿੰਨੇ ਵਾਰ ਇਹ ਵਸੀ-ਵਸਾਈ ਧਰਤੀ।
ਕਿਵੇਂ ਬਣੀ ਜਰਖ਼ੇਜ਼-ਉਪਜਾਊ ਇਹੇ, ਫੁੱਲਾਂ-ਬੂਟਿਆਂ ਨਾਲ਼ ਲਹਿਰਾਈ ਧਰਤੀ।
ਉਪਜ-ਨਿਪਜ ਤੇ ਬਿਨਸ ਨੂੰ ਸਾਂਭ ਸੀਨੇ, ਕਿੰਨੇ ਤੱਤਾਂ ਨੂੰ ਫਿਰੇ ਘੁਮਾਈ ਧਰਤੀ।
ਯੁੱਗਾਂ-ਯੁੱਗਾਂ ਤੋਂ ਭਰੇ ਭੰਡਾਰ ਇਹਦੇ, ਕਿੰਨੇ ਜਾਂਵਦੀ ਜੀਵ ਰਜਾਈ ਧਰਤੀ।
ਲੱਖਾਂ ਸਾਲਾਂ ਦਾ ਕੁਦਰਤੀ-ਗੇੜ ਚੱਲੇ, ਬੰਦੇ ਅੱਜ ਦੇ ਜਾਣ ਗਵਾਈ ਧਰਤੀ।
ਨੇਮ ਟੁੱਟਿਆ ਕੁਦਰਤੀ-ਗੇੜ ਹਿੱਲੇ, ਏਦਾਂ ਜਾਪਦਾ ਹੋਊ ਤਬਾਹੀ ਧਰਤੀ।
ਕਿਤੇ ਮਿਟੇ ਨਾ ਫੇਰ ਸੰਸਾਰ ਸਾਰਾ, 'ਵਾਟਾਂ ਵਾਲੀਆ' ਰੋਈ ਕੁਰਲਾਈ ਧਰਤੀ।

## ਪੰਜਾਂ ਤੱਤਾਂ ਦੀ ਪੁਕਾਰ

ਪੰਜ ਤੱਤਾਂ ਨੇ ਕਰੀ ਫ਼ਰਿਆਦ ਰਲ਼ਕੇ, ਧਰਤ ਉੱਤੇ ਪ੍ਰਦੂਸ਼ਣ ਬੇਅੰਤ ਹੋਇਆ।
ਜਿਹੜਾ ਧਰਤ ਦੇ ਢਿੱਡ ਦੀ ਸਾਰ ਜਾਣੇ, ਪੈਦਾ ਕੋਈ ਨਾ ਚਿਰਾਂ ਤੋਂ ਸੰਤ ਹੋਇਆ।
ਹੱਥੀਂ ਕਿਸੇ ਨਾ ਘਾਲਣਾ ਜੱਗ ਘਾਲੀ, ਪੈਦਾ ਮੁਲਖ ਤਾਂ ਅੰਤ-ਅਨੰਤ ਹੋਇਆ।
ਸੋਮੇ ਕੁਦਰਤੀ ਮਿਟਣ ਦੇ ਆਏ ਕੰਢੇ, ਜੱਗ ਚੰਦਰਾ ਮਾਇਆ ਦਾ ਕੰਤ ਹੋਇਆ।

ਯੁੱਗ ਪੁਰਸ਼ ਕੋਈ ਜਗਤ ਵਿੱਚ ਭੇਜ ਦਾਤਾ, ਏਸ ਧਰਤ ਦਾ ਨਹੀਂ ਤਾਂ ਅੰਤ ਹੋਇਆ।
"ਜਸਬੀਰ ਸਿੰਘਾ" ਤੂੰ ਵੀ ਕੋਈ ਕਰ ਹੀਲਾ, ਲੰਘੇ ਸਮਾਂ ਇਹ ਬੜਾ ਚਲੰਤ ਹੋਇਆ।

## ਪਰਮਾਤਮਾ ਦਾ ਧਰਤੀ ਨੂੰ ਉੱਤਰ

ਧਰਤ ਅੰਮਾਂ ਦੀ ਸੁਣੀ ਪੁਕਾਰ ਦਾਤੇ, ਸੀਚੇ ਵਾਲ ਨੂੰ ਜਗਤ ਵਿੱਚ ਭੇਜ ਦਿੱਤਾ।
ਕਿਹਾ ਜਗਤ ਨੂੰ ਏਸ ਨੇ ਦਿਸ਼ਾ ਦੇਣੀ, ਇਹਨੂੰ ਸ਼ਕਤੀ ਤੇ ਐਨਾ ਮੈਂ ਤੇਜ ਦਿੱਤਾ।
ਇਹਨੂੰ ਕਰਕੇ ਦਿਖਾਉਣ ਦੀ ਦਾਤ ਦਿੱਤੀ, ਐਵੇਂ ਗੱਲਾਂ ਹੀ ਕਰਨੋਂ ਗੁਰੇਜ਼ ਦਿੱਤਾ।
ਪੌਣ-ਪਾਣੀ ਤੇ ਧਰਤ ਦਾ ਮੋਹ ਦਿੱਤਾ, ਵਿਚਾਰਧਾਰਾ ਦਾ ਸੋਮਾ ਜਰਖ਼ੇਜ਼ ਦਿੱਤਾ।
ਚੱਕਰ-ਵਰਤੀਏ ਸੰਤਾਂ ਦੀ ਦੇ ਗੱਦੀ, ਨਾਮ ਬਾਣੀ ਦਾ ਮੰਤਰ ਅਭੇਦ ਦਿੱਤਾ।
ਇਹਦੇ ਕਰਮਾਂ ਤੇ ਧਰਮਾਂ ਦੀ ਯੁੱਗ-ਗਾਥਾ, 'ਵਾਟਾਂ ਵਾਲੀਆ' ਲਿਖਣ ਨੂੰ ਭੇਜ ਦਿੱਤਾ।

ਨਾਲ਼ ਦਿੱਤੇ ਨੇ ਸੰਤ ਸੁਖਜੀਤ ਪੂਰੇ, ਫ਼ੌਜ ਦਿੱਤੀ ਏ ਸੇਵਕਾਂ ਪੂਰਿਆਂ ਦੀ।
ਇਹਦੇ ਵਾਂਗਰਾਂ ਉਨ੍ਹਾ ਨੂੰ ਸਿਰੜ ਦਿੱਤਾ, ਪਾਣ ਚਾੜ੍ਹਤੀ ਉਨ੍ਹਾਂ ਨੂੰ ਸੂਰਿਆਂ ਦੀ।

ਨਾਲ਼ੇ ਹੋਸ਼ ਦਿੱਤਾ ਨਾਲ਼ੇ ਜੋਸ਼ ਦਿੱਤਾ, ਗੁੜਤੀ ਦਿੱਤੀ ਏ ਸਬਰ-ਸਬੂਰਿਆਂ ਦੀ।
'ਵਾਟਾਂਵਾਲੀਆ' ਪ੍ਰੇਮ ਤੇ ਭਾਓ ਦਿੱਤਾ, ਲਾਲੀ ਰੱਤੜੇ ਲਾਲ ਸੰਧੂਰਿਆਂ ਦੀ।

## ਪਾਣੀਆਂ ਦਾ ਰਾਖਾ

ਪੈਦਾ ਹੋ ਗਿਆ ਧਰਤ ਦੀ ਅਰਜ਼ ਉੱਤੇ, ਵਾਤਾਵਰਣ ਦੇ ਤਾਈਂ ਬਚਾਉਣ ਆਇਆ।
ਪਾਣੀ-ਬਾਣੀ ਤੇ ਧਰਮ ਦੇ ਅਰਥ ਡੂੰਘੇ, ਜੀਓ ਜਗਤ ਨੂੰ ਏਹੋ ਸਮਝਾਉਣ ਆਇਆ।
ਚਾੜ੍ਹ ਨੇਪਰੇ ਵੇਈਂ ਦੇ ਕਾਰਜਾਂ ਨੂੰ, ਕਾਇਆ ਕਲਪ ਕੇ ਦਸ਼ਾ ਬਦਲਾਉਣ ਆਇਆ।
ਰਾਖਾ ਏਹੇ ਪੰਜਾਬ ਦੇ ਪਾਣੀਆਂ ਦਾ, ਰਾਖਾ ਰਾਖੀਆਂ ਕਰਨ ਕਰਾਉਣ ਆਇਆ।





ਜੱਗੋਂ ਵੱਖਰਾ ਏਸਦਾ ਮਿਸ਼ਨ ਭਾਵੇਂ , ਭਾਵੇਂ ਨਵੀਂ ਇਤਿਹਾਸ ਲਈ ਗੱਲ ਹੋਵੇ।
ਸਮਾਂ-ਸਮਾਂ ਹੀ ਸਦਾ ਸਮਰੱਥ ਹੁੰਦਾ , ਸਮੇਂ-ਸਮੇਂ ਤੇ ਸਮੇਂ ਦਾ ਹੱਲ ਹੋਵੇ।
ਮਿਟੇ ਹੋਂਦ ਹੀ ਉਹਨਾਂ ਦੀ ਧਰਤ ਉੱਤੋਂ, ਡਾਵਾਂ-ਡੋਲ ਹੀ ਜਿੰਨ੍ਹਾਂ ਦਾ ਕੱਲ੍ਹ ਹੋਵੇ।
'ਵਾਟਾਂ ਵਾਲੀਆ' ਸਮੇਂ ਦੀ ਮੰਗ ਇਹੋ, ਪਾਣੀ ਸਾਂਭੀਏ ਸਮਝ ਕੇ ਚੱਲ ਹੋਵੇ।

## ਸੰਤ ਬਲਬੀਰ ਸਿੰਘ ਜੀ ਦਾ ਜਨਮ ਅਤੇ ਰਸਮਾਂ

ਦੋ ਫਰਵਰੀ ਉੱਨੀ ਸੌ ਬਾਹਠ ਚੜ੍ਹਿਆ, ਸੀਚੇਵਾਲ ਦੇ ਪਿੰਡ ਨੂੰ ਭਾਗ ਲਾਏ।
ਮਾਤਾ ਕੌਰ ਚੰਨਣ, ਪਿਤਾ ਸਿੰਘ ਚੰਨਣ, ਵਿਹੜੇ ਉਨ੍ਹਾਂ ਦੇ ਖਿੜੇ ਗੁਲਬਾਗ਼ ਲਾਏ।



ਦਾਣੇ ਰੰਗਲੇ ਮਾਪਿਆਂ ਰੱਖ ਬੱਧੀ, ਛਾਪਾ ਛੱਤ ਤੇ ਬੂਹੀਂ ਚਿਰਾਗ਼ ਲਾਏ।
ਰੱਖ ਪਾਣੀ ਦੀ, ਲੋਹਾ ਕਿਰਪਾਨ ਰੱਖੀ, ਜਾਗੇ ਜੀਆਂ ਨੇ ਜਾਗ-ਸੁਜਾਗ ਲਾਏ।
ਸਿਹਰੇ ਬੂਹੇ ਤੇ ਲਾਗੀਆਂ ਆਣ ਬੱਧੇ, ਸੋਹਣੇ ਭੰਡਾਂ-ਮਰਾਸੀਆਂ ਰਾਗ ਲਾਏ।
ਹੋਵੇ ਉਮਰ ਵਾਲਾ ਸੀਸਾਂ ਦੇਣ ਲੋਕੀਂ, ਨੱਚ ਖ਼ੁਸਰਿਆਂ ਰਾਗ-ਪਰਾਗ ਲਾਏ।
ਆਉਣ ਨਾਨਕੇ, ਦਾਦਕੇ ਹੋਣ ਕੱਠੇ, ਤੇਲ ਚੋਏ ਤੇ ਲਾਗਣਾਂ ਲਾਗ ਪਾਏ।
ਵਧਾਈਆਂ ਦੇਣ ਤੇ ਮੁੱਖੜੇ ਖਿੜਨ-ਹੱਸਣ, ਸਵਾ ਵਧੋ ਜੀ ਅੱਗੋਂ ਜਵਾਬ ਆਏ।
ਖ਼ੁਸ਼ੀ ਧਰਤ ਤੋਂ ਅੰਬਰਾਂ ਤੱਕ ਪਹੁੰਚੀ, ਦੈਵੀ-ਸ਼ਕਤੀਆਂ ਅਨਹਦ-ਨਾਦ ਲਾਏ।
'ਵਾਟਾਂ ਵਾਲੀਆ' ਖਿੜੀ ਪ੍ਰਕਿਰਤ ਸਾਰੀ, ਨੱਚੇ ਮੋਰ ਤੇ ਕੋਇਲਾਂ ਨੇ ਗੀਤ ਗਾਏ।

## ਬਾਲ-ਵਰੇਸ

ਉੱਠਣਾ-ਬੈਠਣਾ ਸਿੱਖਿਆ ਰਿੜਣ ਛੇਤੀ, ਡਿੱਕ-ਡੋਲੜੇ ਖਾਂਦਿਆਂ ਤੋਰ ਸਿੱਖੇ।
ਪਹਿਲੋਂ ਬੋਲਣਾ ਮਾਂ ਜ਼ੁਬਾਨ ਸਿੱਖੀ, ਪਿੱਛੋਂ ਸਾਕ-ਸੁਹੇਦਰੇ ਹੋਰ ਸਿੱਖੇ।
ਸੁੱਤੇ-ਸਿੱਧ ਮਾਂ-ਬੋਲੀ ਦੇ ਬੋਲ ਮਿੱਠੇ, ਪੰਜ ਆਬਾਂ ਦੀ ਹੂਕ ਤੇ ਸ਼ੋਰ ਸਿੱਖੇ।
ਸਿੱਖੇ ਰੁੱਸਣਾ-ਮੰਨਣਾ ਕਰਨ ਅੜੀਆਂ, 'ਵਾਟਾਂ ਵਾਲੀਆ' ਪਿਆਰ ਤੇ ਜ਼ੋਰ ਸਿੱਖੇ।

## ਸਕੂਲ ਜਾਣਾ

ਬਾਲ-ਪੁਣੇ ਵਿੱਚ ਮਾਪਿਆਂ ਪੜ੍ਹਨ ਪਾਇਆ, ਪਿੰਡ ਪੱਧਰੀ ਪ੍ਰਾਇਮਰੀ ਪਾਠਸ਼ਾਲਾ।
ਪੜ੍ਹੇ ਬਾਲ-ਉਪਦੇਸ਼ ਦੇ ਹਰਫ਼ ਪੈਂਤੀ, ਛੇਤੀ ਸਿੱਖ ਗਏ ਗਣਨ ਗਣਿਤ ਵਾਲਾ।
ਬਾਲ-ਬੋਧ ਤੋਂ ਬੋਲਣੇ ਗੀਤ ਸਿੱਖੇ, ਪਾਉਣੇ ਪੂਰਨੇ ਸਿੱਖ ਲਈ ਵਰਣਮਾਲਾ।
'ਵਾਟਾਂ ਵਾਲੀਆ' ਗੁਰਮੁੱਖੀ ਸਿੱਖ ਸਿੱਖੀ, ਗਿਆਨ ਚਾਬੀਆਂ ਖੋਹਲਿਆ ਇਲਮ ਤਾਲਾ।

## ਬਚਪਨ

ਬਚਪਨ ਬਾਬਿਓ ਬੜਾ ਰੰਗੀਲੜਾ ਏ, ਖੇਡਾਂ ਖੇਡਕੇ ਲੰਘਦੇ ਸਾਲ ਓਦੋਂ।
ਖੇਡਾਂ ਖੇਡਕੇ, ਖੇਡਿਆਂ ਰੱਜਦੇ ਨਾ, ਰੱਬ-ਰੂਪ ਜਿਹੇ ਬਾਲੜੇ-ਬਾਲ ਓਦੋਂ।
ਬੱਸ ਖੇਡਣਾਂ-ਖੇਡਣਾਂ ਦਿਨੇ-ਰਾਤੀਂ, ਨਾਹੀਂ ਦੇਖਦੇ ਹਾੜ-ਸਿਆਲ਼ ਓਦੋਂ।
ਓਦੋਂ ਤੇਰ ਤੇ ਮੇਰ ਦਾ ਪਤਾ ਕੀਹਨੂੰ, ਘਾਟ-ਵਾਧ ਦਾ ਨਹੀਂ ਸਵਾਲ ਓਦੋਂ।
ਓਦੋਂ ਚਿੱਟਿਆਂ ਲੱਠਿਆਂ ਵਾਂਗ ਹੁੰਦੇ, ਝੱਟ ਰੰਗਲੇ ਚੜ੍ਹਨ ਗੁਲਾਲ ਓਦੋਂ।
ਓਦੋਂ ਕੋਰਿਆਂ ਕਾਗਜ਼ਾਂ ਵਾਂਗ ਹੁੰਦੇ, ਸਾਂਭੋ ਉਕਰੋ, ਭਾਵੇਂ ਲਓ ਗਾਲ਼ ਓਦੋਂ।

ਓਦੋਂ ਮਿੱਟੀ ਘੁਮਿਆਰ ਦੇ ਚੱਕ ਉਤੇ, ਠੂਠੇ-ਚਾਟੀਆਂ ਢਲ਼ੇਗੀ ਢਾਲ਼ ਓਦੋਂ।
'ਵਾਟਾਂ ਵਾਲੀਆ' ਸਮਾਂ ਅਣਮੁੱਲ ਓਹੋ, ਹੁੰਦਾ ਬਚਪਨਾ ਬੜਾ ਕਮਾਲ ਓਦੋਂ।

## ਅੱਲ੍ਹੜ ਉਮਰ ਅਤੇ ਖੇਡਾਂ

ਜਦੋਂ-ਜਦੋਂ ਸਕੂਲ ਤੋਂ ਵਿਹਲ ਮਿਲਦਾ, ਖੇਡਾਂ ਖੇਡਦੇ ਬਚਪਨੇ ਨਾਲ਼ ਯਾਰਾਂ।
ਬਾਰਾਂ-ਟਾਹਣੀਆਂ ਖੇਡਦੇ ਲੁਕਣ-ਮੀਟੀ, ਖੱਪ ਪਾਂਵਦੇ ਮਾਣਦੇ ਜਿੱਤ-ਹਾਰਾਂ।
ਚੜ੍ਹ ਰੁੱਖਾਂ ਤੇ ਲਟਕਣਾ ਫੇਰ ਥੱਲੇ, ਭਾਉਂਦੇ ਖੂਹਾਂ ਤੇ ਲਾਂਵਦੇ ਜ਼ੋਰ ਟਾਹਰਾਂ।
ਕੱਚੀ ਉਮਰ ਜਵਾਨੀ ਤੇ ਬਚਪਨੇ ਦੀ, ਮੱਝਾਂ ਚਾਰਦੇ ਸਮਝਦੇ ਕਿਰਤ-ਕਾਰਾਂ।
ਮਾਤਾ ਨਾਲ ਜਾਂ ਜਾਂਵਦੇ ਗੁਰਦੁਆਰੇ, ਸੱਤ-ਗੁਣੀ ਤੇ ਸਿੱਖਦੇ ਕਰਮ-ਸਾਰਾਂ।
ਭੌਰੇ ਵਾਂਗਰਾਂ ਮਾਣਦੇ ਮਹਿਕ ਉਦੋਂ, ਜਦੋਂ ਬੈਠਦੇ ਸੱਚੇ ਨਾਲ਼ ਜੋੜ ਤਾਰਾਂ।

ਕੋਮਲ ਕਲਾ ਨੂੰ ਸਿੱਖਦੇ ਨੀਝ ਲਾ ਕੇ, ਸਿੱਖੇ ਕੱਤਣਾ, ਤਾਣੀਆਂ ਤੁਣਨ ਸਿੱਖੇ।
ਸਿੱਖੇ ਫੁੱਲ-ਫੁੱਲਕਾਰੀਆਂ ਭਰਨ ਤੋਪੇ, ਦਰੀ ਚਾਦਰਾਂ ਬੂਟੀਆਂ ਬੁਣਨ ਸਿੱਖੇ।

ਸਹਿਜੇ ਪੈਰ ਜਵਾਨੀ ਦੀ ਉਮਰ ਬਾਬਾ, ਆਪਾ ਚੀਨਣਾ, ਅੰਦਰ ਦੀ ਸੁਣਨ ਸਿੱਖੇ।
'ਵਾਟਾਂ ਵਾਲੀਆ' ਸੀਰਤੋਂ ਸਹਿਜ ਸੋਹਣੇ, ਭਲੇ-ਬੁਰੇ ਨੂੰ ਪਰਖਣਾ ਚੁਣਨ ਸਿੱਖੇ।

## ਜੋਬਨ ਰੁੱਤੇ

ਖਿੜੇ ਜੋਬਨ ਬਹਾਰ ਦਾ ਬਾਗ਼ ਸੂਹਾ, ਮਹਿਕਾਂ ਆਉਂਦੀਆਂ ਜਿਸਮ ਗੁਲਜ਼ਾਰ ਵਿੱਚੋਂ।
ਮਨ ਮੁੜੇ ਨਾ ਮੋੜਿਆ ਮਸਤੀਆਂ ਤੋਂ , ਆਪੇ ਆਪ ਹੀ ਚੜ੍ਹੇ ਖ਼ੁਮਾਰ ਵਿੱਚੋਂ।
ਅਵੱਲੇ ਮੋੜ ਤੇ ਜ਼ਿੰਦਗੀ ਓਸ ਵੇਲੇ , ਭਲੇ-ਬੁਰੇ ਦੀ ਸਮਝ ਨਾ ਸਾਰ ਵਿੱਚੋਂ।
ਓਦੋਂ ਮਿੱਟੀ ਨੂੰ ਜਿਹੋ ਜਿਹੀ ਲੇਸ ਲੱਗੇ, ਭਾਂਡਾ ਉਹੋ ਜਿਹਾ ਘੜੇ ਘੁਮਿਆਰ ਵਿੱਚੋਂ।
ਬੁੱਧ ਫਿੱਟਕੇ ਪੁੱਤ-ਕਪੁੱਤ ਹੁੰਦੇ, ਹੁੰਦੇ ਪੁੱਤ-ਸਪੁੱਤ ਪਰਿਵਾਰ ਵਿੱਚੋਂ।
ਇੱਕ ਦਿੱਤਿਆਂ ਮੱਤ ਨਾ ਲੈਣ ਓਦੋਂ, ਇੱਕ ਆਪ ਹੀ ਦੇਵੇ ਕਰਤਾਰ ਵਿੱਚੋਂ।
'ਵਾਟਾਂ ਵਾਲੀਆ' ਚੁਗਣਗੇ ਹੰਸ ਮੋਤੀ, ਬੱਗ ਖਾਣਗੇ ਮਛਲੀਆਂ ਗ਼ਾਰ ਵਿੱਚੋਂ।

## ਪੜ੍ਹਾਈ ਅਤੇ ਖੇਡਾਂ

ਬੜਾ ਪੜ੍ਹਨ ਦੇ ਵਿੱਚ ਹੁਸ਼ਿਆਰ ਬਾਬਾ, ਖੇਡਾਂ ਵਿੱਚ ਵੀ ਰਿਹਾ ਅਵੱਲ ਓਹੋ।

ਖੇਡੇ ਹਾਕੀਆਂ, ਕੌਡੀਆਂ ਮਾਰ ਥਾਪੀ, ਡੀਲ-ਡੌਲ ਤੋਂ ਜਾਪਦਾ ਮੱਲ ਓਹੋ।
ਦਸ ਕੀਤੀਆਂ ਨੇੜਲੇ ਪਿੰਡ ਵਿੱਚੋਂ, ਫੇਰ ਤੁਰ ਪਿਆ ਕਾਲਜਾਂ ਵੱਲ ਓਹੋ।
ਉਦੋਂ ਓਸ ਨੂੰ ਕਿਸੇ ਪਹਿਚਾਣਿਆਂ ਨਾ, ਨਾਹੀਂ ਦੇਖਿਆ ਕਿਸੇ ਨੇ ਲੱਲ੍ਹ ਓਹੋ।
ਕੌਣ ਜਾਣਦਾ ਬਣੂ ਇਤਿਹਾਸ ਇਹੋ, ਜੱਗੋਂ ਵੱਖਰੀ ਕਰੂਗਾ ਗੱਲ ਓਹੋ।
'ਵਾਟਾਂ ਵਾਲੀਆ' ਭੇਦ ਕਰਤਾਰ ਜਾਣੇ, ਰਤੀ-ਰਤੀ ਤੇ ਘੜੀ-ਪਲ-ਪਲ ਓਹੋ।

## ਸੀਚੇਵਾਲ ਪਿੰਡ ਅਤੇ ਇਤਿਹਾਸ



ਜਿਹੜਾ ਵਿੱਚ ਦੁਆਬ ਦੇ ਪਿੰਡ ਵਸੇ, ਸੀਚੇਵਾਲ ਹੈ ਓਸਦਾ ਨਾਮ ਲੋਕੋ।
ਸਿੱਖ ਰਾਜ ਦੇ ਸਮੇਂ ਵਿੱਚ ਇਹ ਪਿੰਡ ਬੱਝਾ, ਸੁੱਚੀ ਮੱਲ ਦੀ ਏਹੇ ਮਲਕਾਨ ਲੋਕੋ।
ਭੂਮੀ ਰੇਤਲੀ ਏਸਦੀ ਨਿਰਾ ਦੋਨਾ, ਢਾਹੇ-ਟਿੱਬਿਆਂ ਵਿੱਚ ਸਥਾਨ ਲੋਕੋ।
ਵਾਹੀ-ਚਾਹੀ ਜ਼ਮੀਨ ਸੀ ਬੜੀ ਥੋੜ੍ਹੀ, ਬਹੁਤੀ ਬੰਜਰੀ ਅਤੇ ਵੀਰਾਨ ਲੋਕੋ।
ਪਿੰਡਾਂ ਵਾਂਗ ਸੀ ਪਛੜਿਆ ਪਿੰਡ ਏਹੇ, ਲੋਕੀਂ ਜ਼ਿੰਦਗੀ ਜੀਂਵਦੇ ਆਮ ਲੋਕੋ।
ਖਾਣ-ਪੀਣ ਨੂੰ ਬੇਰੜਾ, ਕਣਕ, ਮੱਕੀ, ਛੋਲੇ ਮੂੰਗਫਲੀ, ਹੋਣ ਬਰਾਨ ਲੋਕੋ।
ਵਾਹੀ-ਜੋਤੀਓਂ ਖਾਂਵਦੇ ਲੋਕ ਰੋਟੀ, ਦੜ ਵੱਟਕੇ ਕਰਨ ਗੁਜ਼ਰਾਨ ਲੋਕੋ।
ਆਪ ਮਤੇ ਸੀ ਜ਼ਿੰਦਗੀ ਤੁਰੀ ਜਾਂਦੀ, ਚੰਗੇ-ਮੰਦੇ ਤੇ ਵਿੱਚੇ ਬਦਨਾਮ ਲੋਕੋ।
ਭਲੇ ਲੋਕ ਤਾਂ ਭਲਾ ਹੀ ਲੋਚਦੇ ਸੀ, ਖਹਿ-ਬਾਜ਼ੀਆਂ ਕਰਨ ਸ਼ੈਤਾਨ ਲੋਕੋ।
'ਵਾਟਾਂ ਵਾਲੀਆ' ਦੀਨ ਨਾ ਦੁਨੀ ਚੇਤੇ, ਬਹੁਤੇ ਮਸਤੀਆਂ ਵਿੱਚ ਮਸਤਾਨ ਲੋਕੋ।

## ਸੀਚੇਵਾਲ ਕੁਟੀਆ

ਲਹਿੰਦੇ ਪਾਸਿਆਂ ਪਿੰਡ ਦੇ ਬਹੁਤ ਨੇੜੇ, ਆਉਣ-ਜਾਣ ਠਹਿਰਾਓ ਏ ਸਾਧੂਆਂ ਦਾ।
ਭਰਮਣ ਕਰਦਿਆਂ ਆਣ ਕੇ ਠਹਿਰ ਜਾਂਦੇ, ਜਪ-ਤਪ ਤੇ ਤਾਓ ਏ ਸਾਧੂਆਂ ਦਾ।

ਚੱਕਰਵਰਤੀਏ ਸਾਧ ਤਾਂ ਰਹਿਣ ਚੱਲਦੇ, ਚੱਲਣਹਾਰ ਸੁਭਾਓ ਏ ਸਾਧੂਆਂ ਦਾ।
'ਵਾਟਾਂ ਵਾਲੀਆ' ਜਗਤ ਵਿੱਚ ਟਿਕਣ ਕਿਥੇ, ਮਨ ਵਿੱਚ ਟਿਕਾਓ ਏ ਸਾਧੂਆਂ ਦਾ।

ਏਸ ਝਿੜੀ ਤੇ ਲਾਲ ਸਿੰਘ ਸਾਧ ਆਇਆ, ਆਇਆ ਦੇਸ਼-ਦੇਸ਼ਾਂਤਰਾਂ ਘੁੰਮ ਓਹੋ।
ਰਿਸ਼ੀਕੇਸ਼ ਦੇ ਜੰਗਲਾਂ ਵਿੱਚ ਰਹਿੰਦਾ, ਕਿੰਨੇ ਸਾਲ ਹੀ ਰਿਹਾ ਸੀ ਗੁੰਮ ਓਹੋ।
ਜਪ-ਤਪ ਤੇ ਤਿਆਗ ਦਾ ਧਾਰਨੀ ਉਹ, ਭਗਵੇਂ ਵੇਸ ਦਾ ਮਾਰਦਾ ਝੁੰਮ ਓਹੋ।
'ਵਾਟਾਂ ਵਾਲੀਆ' ਭਗਤੀਆਂ ਵਿੱਚ ਪੂਰਾ, ਕੌੜਾ ਸਖਤ ਸੁਭਾਅ ਦਾ ਤੁੰਮ ਓਹੋ।






# ਸੰਤ ਲਾਲ ਸਿੰਘ ਜੀ ਬਾਰੇ

ਸੰਤ ਰੱਬ ਦੇ ਹੁਕਮ ਦੇ ਨਾਲ਼ ਆਏ, ਆਏ ਰੱਬ ਦਾ ਦੇਣ ਫ਼ੁਰਮਾਨ ਪੂਰਾ।
ਧਰਮ ਕਰਮ ਤੇ ਲਗਨ ਦੇ ਵਿੱਚ ਪੂਰੇ, ਪਿੰਡ ਖ਼ਾਨਪੁਰ ਲਾਲ ਸਿੰਘ ਨਾਮ ਪੂਰਾ।
ਭੋਲਾ ਸਿੰਘ ਜੀ ਸੰਤ ਦੀ ਕਰਨ ਸੇਵਾ, ਸੇਵਾ-ਭਾਵਨਾ ਕਰਮ ਕਮਾਣ ਪੂਰਾ।
ਸੇਵਾ ਵੇਖ ਕੇ ਸੰਤ ਪ੍ਰਸੰਨ ਪੂਰੇ , ਸੰਤ ਪੱਦਵੀ ਦਾ ਬਖ਼ਸ਼ਿਆ ਮਾਣ ਪੂਰਾ।
ਕੀਤੀ ਨੌਕਰੀ ਬਾਬੇ ਅੰਗਰੇਜ਼ ਕੋਲੇ, ਖੇਡ-ਦੌੜ ਵਿੱਚ ਬਾਬਾ ਬਲਵਾਨ ਪੂਰਾ।
ਰੱਬ ਮਿਲਣ ਦੀ ਸੀਨੇ ਵਿੱਚ ਤੜਫ਼ ਉੱਠੀ, ਅਸਲ ਖੇਡ ਨੂੰ ਗਿਆ ਪਛਾਣ ਪੂਰਾ।
ਵਿੱਚੇ ਛੱਡ ਕੇ ਨੌਕਰੀ ਗੋਰਿਆਂ ਦੀ, ਸੱਚੇ ਰੱਬ ਨੂੰ ਤੁਰ ਪਿਆ ਪਾਣ ਪੂਰਾ।

ਰਿਸ਼ੀਕੇਸ਼ ਦੇ ਜੰਗਲੀਂ ਪੁੱਟ ਭੋਰਾ, ਤਪ-ਸਾਧਨਾ ਸਾਧਿਆ ਤਾਣ ਪੂਰਾ।
ਚੌਦਾਂ ਬਰਸ ਤਪੱਸਿਆ ਕਰੀ ਪੂਰੀ, ਬ੍ਰਹਮ ਜਾਣਿਆ ਵੇਦ-ਪੁਰਾਣ ਪੂਰਾ।
ਚਿਰਾਂ ਪਿਛੋਂ ਹੀ ਵਤਨ ਪੰਜਾਬ ਪਰਤੇ, ਪਿੰਡੋ-ਪਿੰਡ ਦਾ ਕਰਨ ਕਲਿਆਣ ਪੂਰਾ।
ਦਿੰਦੇ ਸੰਥਿਆ ਗੁਰੂ ਗੁਰਬਾਣੀਆਂ ਦੀ, ਰੱਬ ਸਿਮਰਦੇ ਸਵਾਸ-ਪ੍ਰਾਣ ਪੂਰਾ।

ਮੋਹ-ਮਾਇਆ ਤੋਂ ਰਹਿਣ ਨਿਰਲੇਪ ਸਾਧੂ, ਜੀਣਾ ਸੰਜਮੀਂ ਜੀਂਵਦੇ ਜਾਣ ਪੂਰਾ।
ਵਰ੍ਹੇ ਅੰਤਲੇ ਸੀਚੇਵਾਲ ਕਰੇ ਪੂਰੇ, ਪੂਰੇ ਪੂਰਿਆਂ ਕਰਨ ਅਭਿਆਨ ਪੂਰਾ।
ਕਲਮ ਛੋਟੀ ਏ 'ਵਾਟਾਂ ਵਾਲੀਏ' ਦੀ, ਔਖਾ ਉਕਰਨਾ ਸੰਤ ਗੁਣਗਾਨ ਪੂਰਾ।

## ਸੰਤ ਲਾਲ ਸਿੰਘ ਜੀ ਦੇ ਉਪਦੇਸ਼ ਅਤੇ ਚਲਾਣਾ

ਲਾਲ ਸਿੰਘ ਜੀ ਜੋਤ ਵਿੱਚ ਜੋਤ ਹੋਏ, ਰੂਹ ਛੱਡ ਕੇ ਤੁਰੀ ਕਲਬੂਤ ਦੇਹੀ।
ਪਹਿਲਾਂ ਜਾਣ ਤੋਂ ਏਹੇ ਉਪਦੇਸ਼ ਕੀਤੇ, ਗੰਗਾ ਵਿੱਚ ਵਹਾਇਓ ਪੰਜ-ਭੂਤ ਦੇਹੀ।
ਖਾਣ--ਸੌਣ ਥੋੜ੍ਹਾ, ਧਰਮ-ਕਿਰਤ ਕਰਿਓ , ਪਿੰਜ-ਪਿੰਜ ਕੇ ਰੱਖਿਓ ਸੂਤ ਦੇਹੀ।
ਉੱਚ ਆਚਰਣ ਨਾਮ ਅਭਿਆਸ ਭਾਵੇ, ਭਾਵੇ ਦਰੀਂ-ਦਰਗਾਹੀਂ ਸਪੂਤ ਦੇਹੀ।
ਮੜ੍ਹੀ ਪੂਜਣੀ ਨਾਹੀਂ ਮਸਾਣ ਜਾਣਾ, ਭਰੀ ਭਰਮ ਦੀ ਬਣੇ ਕਮੂਤ ਦੇਹੀ।
'ਵਾਟਾਂ ਵਾਲੀਆ' ਕਾਲ਼ ਦੇ ਵੱਸ ਹੋਕੇ, ਹੋਣ ਦੇਣੀ ਨਾ ਕਾਲ਼ੀ ਇਹ ਧੂਤ ਦੇਹੀ।

## ਚਲਾਣੇ ਪਿੱਛੋਂ ਹਾਲਾਤ ਅਤੇ ਕੁਟੀਆ ਲਈ ਸੰਤਾਂ ਦੀ ਭਾਲ

ਲਾਲ ਸਿੰਘ ਦੇ ਸਵਰਗ ਸਿਧਾਣ ਪਿਛੋਂ, ਝਿੜੀ ਉਜੜੀ ਜਿਵੇਂ ਵੀਰਾਨ ਕੋਈ।

ਰਾਤ ਟਿਕੇ ਤਾਂ ਸੁੰਨ-ਸਨਾਟ ਫੈਲੇ, ਡਰੇ ਸਾਧ ਨਾ ਠਹਿਰਦਾ ਆਣ ਕੋਈ।
ਹਰੀ ਸਿੰਘ ਦੇ ਕਹਿਣ ਤੇ ਤੁਰੇ ਗੰਗਾ, ਲੈਣ ਸੰਤ-ਸੰਨਿਆਸੀ-ਵਿਦਵਾਨ ਕੋਈ।
ਕੀਤੀ ਜੋਦੜੀ ਨਿਰਮਲੇ ਸਾਧੂਆਂ ਨੂੰ, ਪੂਰਾ ਭੇਜਿਓ ਨਿਰਾ ਭਗਵਾਨ ਕੋਈ।


## ਸੰਤ ਅਵਤਾਰ ਸਿੰਘ ਜੀ ਦਾ ਸੀਚੇਵਾਲ ਆਉਣਾ ਤੇ ਠਹਿਰਨਾ

ਅਰਜ਼ ਸੁਣੀ ਜਾ ਨਗਰ ਨਿਵਾਸੀਆਂ ਦੀ, ਚੱਲ ਮਹੰਤ ਤੇ ਸੰਤ ਅਵਤਾਰ ਆਏ।
ਮਹੰਤ ਪੁੱਛਦੇ ਕਿੰਨੀ ਕੁ ਹੋਏ ਗੋਲਕ, ਸੰਗ-ਸੰਗਤੀ ਕਿੰਨੀ ਦਰਬਾਰ ਆਏ।
ਕਿਸੇ ਆਖਿਆ ਗੋਲਕਾਂ ਰਹਿਣ ਖਾਲੀ, ਸੰਗੀ-ਸੰਗਤੀ ਕਦੀ-ਕਦਾਰ ਆਏ।
ਗੱਲ ਸੁਣੀ ਜਾ ਮਾਇਆ ਦੀ ਘਾਟ ਇਥੇ, ਮਹੰਤ ਮੁਨਕਰੇ ਕਿਹਾ ਨਾ ਠਾਹਰ ਆਏ।
ਬਣੀ ਆਸ ਤੇ ਟਿਕੀ ਉਮੀਦ ਟੁੱਟੀ, ਰੋਇਆ ਸੂਰਤਾ ਸਿੰਘ ਸੇਵਾਦਾਰ ਆਏ।
ਜਾਣ ਲੱਗੇ ਤਾਂ ਲੋਕ ਵੈਰਾਗ ਭਿੱਜੇ, ਨੈਣ ਵਿੱਚੋਂ ਸੀ ਅੱਥਰੂ ਬਾਹਰ ਆਏ।
ਜਦੋਂ ਤੱਕਿਆ ਪਿਆਰ ਵੈਰਾਗ ਡਾਢਾ, ਵਿੱਚ ਮੌਜ ਦੇ ਸੰਤ ਅਵਤਾਰ ਆਏ।
'ਵਾਟਾਂ ਵਾਲੀਆਂ' ਰੁਕਣ ਕਬੂਲ ਕੀਤਾ, ਖੁਸ਼ੀ ਲੋਕਾਂ ਦੀ ਹੱਦਾਂ ਤੋਂ ਪਾਰ ਆਏ।

# ਸੰਤ ਅਵਤਾਰ ਸਿੰਘ ਜੀ ਦੀ ਸ਼ਖਸੀਅਤ

ਬ੍ਰਹਮ ਗਿਆਨੀ ਸੰਤ ਅਵਤਾਰ ਪੂਰੇ, ਸੀਚੇਵਾਲ ਦੇ ਭਾਗ ਜਗਾਉਣ ਪੁੱਜੇ।
ਪੂਰੇ ਪਾਰਖੂ ਪਾਰਸਾਂ-ਹੀਰਿਆਂ ਦੇ, ਜੱਗ ਜਰਜਰਾ ਭਇਆ, ਚਮਕਾਉਣ ਪੁੱਜੇ।
ਲੋਅ ਲਾਵਣੀ ਜਿਹਨੇ ਸੰਸਾਰ ਤੀਕਰ, ਉਹੀ ਚਿਣਗ-ਚਿਰਾਗ਼ ਜਗਾਉਣ ਪੁੱਜੇ।
ਗੁਰੂ ਗ੍ਰੰਥ ਦੇ ਗਿਆਨ ਦੇ ਫ਼ਲਸਫ਼ੇ ਨੂੰ, ਅੰਨ੍ਹੀ-ਦੌੜ ਦੇ ਵਿੱਚ ਸੁਣਾਉਣ ਪੁੱਜੇ।


ਸੰਤ ਅਵਤਾਰ ਸਿੰਘ ਜੀ ਸੀਚੇਵਾਲ


ਨਿਰਮਲ ਕੁਟੀਆ ਸੀਚੇਵਾਲ

ਰੋਹੀਆਂ-ਰੇਤਿਆਂ ਉਜੜੀ ਢਾਬ ਉੱਤੇ, ਮਿੱਠੇ ਮੇਵਿਆਂ ਬਾਗ਼ ਲਗਾਉਣ ਪੁੱਜੇ।
'ਵਾਟਾਂ ਵਾਲੀਆ' ਨਿਰਮਲੇ ਵੇਸ ਅੰਦਰ, ਧਰਤੀ ਪੁੱਤਾਂ ਦੇ ਗੁਰੂ ਕਹਾਉਣ ਪੁੱਜੇ।

## ਸੰਤ ਅਵਤਾਰ ਸਿੰਘ ਜੀ ਦੇ ਸੀਚੇਵਾਲ ਆਉਣ ਤੋਂ ਬਾਅਦ

ਝਿੜੀ ਵਿੱਚ ਜਾ ਸੰਤ ਅਵਤਾਰ ਆਏ, ਜੱਗੋਂ ਵੱਖਰੀ ਖਿੜੀ ਗੁਲਜ਼ਾਰ ਏਥੇ।
ਕੋਇਲਾਂ ਕੂਕੀਆਂ, ਭੌਰਿਆਂ ਖਿੱਚ ਖਾਧੀ, ਜੀਕੂੰ ਚੇਤਰੋਂ ਚੜ੍ਹੀ ਬਾਹਾਰ ਏਥੇ।
ਚਿੜੀ ਚਹਿਕ ਪਈ ਮੋਰ ਦੇ ਖੰਭ ਖੁੱਲ੍ਹੇ, ਪੌਣਾਂ ਛੇੜਿਆ ਨਾਦ-ਝੁਣਕਾਰ ਏਥੇ।
ਜੀਕੂੰ ਸੁਬਹਾ ਦੇ ਸੂਰਜੋਂ ਚੜ੍ਹੀ ਲਾਲੀ, ਆਇਆ ਲਾਲੀਆਂ ਸਣੇ ਲਲਾਰ ਏਥੇ।
ਜੀਕੂੰ ਚਿਰਾਂ ਤੋਂ ਸੜਦਿਆਂ ਥਲਾਂ ਉੱਤੇ, ਮੀਂਹ ਵਰਸਿਆ ਮੂਸਲਾਧਾਰ ਏਥੇ।
ਮਿੱਟੀ ਮਹਿਕ ਪਈ ਮੌਲਿਆ ਨੀਲ ਅੰਬਰ, ਗਿਆ ਮੌਲਿਆ ਜਿਵੇਂ ਸੰਸਾਰ ਏਥੇ।
ਖਿੱਚੇ ਆਏ ਨੇ ਬਾਲ ਤੇ ਬਿਰਧ-ਬੁੱਢੇ, ਖਿੱਚੇ ਆਂਵਦੇ ਪੁਰਸ਼ ਤੇ ਨਾਰ ਏਥੇ।
'ਵਾਟਾਂ ਵਾਲੀਆ' ਚੰਦ-ਚਕੋਰ ਜੀਕੂੰ, ਖਿੱਚੇ ਆਂਵਦੇ ਪਿੰਡ-ਪਰਿਵਾਰ ਏਥੇ।

## ਬਾਬੇ ਦਾ ਸੰਤ ਅਵਤਾਰ ਸਿੰਘ ਪ੍ਰਤੀ ਖਿੱਚ ਹੋਣਾ

ਜਿਸ ਵੇਲੇ ਸੀ ਬਾਬੇ ਨੇ ਖਿੱਚ ਖਾਧੀ, ਬੀ. ਏ. ਵਿੱਚ ਸੀ ਦੂਸਰੇ ਸਾਲ ਬਾਬਾ।
ਖਿੱਚ ਜੀਓ ਨੂੰ ਵੱਲੜੀ ਪੈਣ ਲੱਗੀ, ਚਿੱਤੋਂ ਹੋ ਗਿਆ ਬੜਾ ਬੇਹਾਲ ਬਾਬਾ।
ਜੀਕੂੰ ਮਿਰਗ ਨੂੰ ਮਹਿਕ ਕਸਤੂਰੀਆਂ ਦੀ, ਖ਼ੌਰੇ ਜੀਉ ਨੂੰ ਕਾਸਦੀ ਭਾਲ਼ ਬਾਬਾ।
ਜੀਕੂੰ ਖਿੱਚਿਆ ਫੁੱਲਾਂ ਨੂੰ ਭੌਰ ਆਵੇ, ਸੂਹੇ ਤੱਕ ਕੇ ਫੁੱਲ-ਗੁਲਾਲ ਬਾਬਾ।
ਚਿੱਤ ਲੱਗੇ ਨਾ ਪੜ੍ਹਨ ਦੇ ਵਿੱਚ ਉਹਦਾ, ਸੀਨੇ ਉੱਠਦੇ ਜਿਵੇਂ ਭੁਚਾਲ਼ ਬਾਬਾ।
ਖ਼ੌਰੇ ਕਿਹੜੀਆਂ ਪਾੜ੍ਹਤਾਂ ਪੜ੍ਹੇ ਜੀਉ, ਕਿਹੜੇ ਲੱਭਦਾ ਹੱਲ ਸਵਾਲ ਬਾਬਾ।
'ਵਾਟਾਂ ਵਾਲੀਆ' ਜਾਪਦੇ ਕੂੜ ਧੰਦੇ, ਜੱਗ ਜਾਪਦਾ ਜਿਵੇਂ ਜੰਜਾਲ ਬਾਬਾ।

## ਜੱਗ ਜੰਜਾਲ

ਜੱਗ ਜੀਅ-ਜੰਜਾਲਾਂ ਦਾ ਸਾਕ ਡਾਢਾ, ਡਾਢੀ ਭਟਕਣਾ ਮਨਾਂ ਦੇ ਵਿੱਚ ਵੱਸੇ।
ਮ੍ਰਿਗ-ਤ੍ਰਿਸ਼ਨ ਜਿਉਂ ਕਾਮਨਾ, ਲੋਭ-ਅਹੰ, ਸਦਾ ਦੌੜਦੀ ਘੋੜਿਆਂ ਚੜ੍ਹੀ ਹੱਸੇ।
ਮੂਲੋਂ ਟੁੱਟ ਕੇ ਫੇਰ ਨਾ ਜੁੜਨ ਦੇਵੇ, ਇੱਕ ਵਾਰ ਜੇ ਸੀਨਿਆਂ ਵਿੱਚ ਧੱਸੇ।

ਵਿੱਚੇ ਵਿਚਰਦੇ ਜਗਤ ਦੇ ਸੰਤ-ਸਾਧੂ, ਪਾਉਣ ਵਾਸਨਾ-ਕਾਮਨਾ ਤਾਈਂ ਰੱਸੇ।
ਏਕਾਟੇਕ ਨਿਰੰਕਾਰ ਦੀ ਟਹਿਲ-ਸੇਵਾ , ਉਹੀ ਪਾਂਵਦੇ ਜਿਨ੍ਹਾਂ ਨੂੰ ਗੁਰੂ ਦੱਸੇ।
'ਵਾਟਾਂ ਵਾਲੀਆ' ਧਾਰ ਲੈ ਗੁਰੂ ਤੂੰ ਵੀ, ਜੀਹਦਾ ਸੰਤ ਅਵਤਾਰ ਜਿਉਂ ਮੁੱਖ ਲੱਸੇ।

## ਗੁਰ ਬਿਨ ਘੋਰ ਅੰਧਾਰ ਗੁਰੂ ਬਿਨ ਸਮਝ ਨਾ ਆਵੇ

ਗਤ ਗੁਰੂ ਦੇ ਬਿਨਾਂ ਹੈ ਬੜੀ ਔਖੀ, ਗੁਰੂ ਬਿਨਾ ਨਾ ਗਿਆਨ ਦੀ ਸਾਰ ਹੋਵੇ।
ਗੁਰੂ ਬਾਝ ਹੈ ਭਵਜਲੀਂ ਭਟਕ ਜਾਣਾ, ਬੇੜੀ ਗੁਰੂ ਤੋਂ ਬਿਨਾਂ ਨਾ ਪਾਰ ਹੋਵੇ।
ਗੁਰੂ ਬਿਨਾਂ ਨਾ ਮੁਕਤਿ ਦੀ ਜੁਗਤਿ ਲੱਭੇ, ਕਾਮ-ਕ੍ਰੋਧ ਨਾ ਸੀਨਿਓਂ ਮਾਰ ਹੋਵੇ।
ਗੁਰੂ ਬਿਨਾਂ ਨਾ ਜੀਣ ਦੀ ਜਾਚ ਆਉਂਦੀ, ਬਾਝੋਂ ਗੁਰੂ ਨਾ ਮਰਨ ਸਵਾਰ ਹੋਵੇ।
ਗੁਰੂ ਬਿਨਾਂ ਨਾ ਨਾਭੀਓਂ ਗੰਢ ਖੁੱਲ੍ਹੇ, ਬਾਝੋਂ ਗੁਰੂ ਨਾ ਦਰਸ ਦਰਬਾਰ ਹੋਵੇ।
ਗੁਰੂ ਮਲਾਹ, ਵਕੀਲ, ਵਿਚੋਲੜਾ ਏ, ਗੁਰੂ ਯਾਰਾਂ ਦਾ ਸੱਚੜਾ ਯਾਰ ਹੋਵੇ।
ਗੁਰੂ ਡਿੱਗਿਆਂ ਤਾਈਂ ਉਠਾਲ ਲੈਂਦਾ, ਨੀਚੋਂ ਊਚਿਆਂ ਗੁਰੂ ਦੀ ਕਾਰ ਹੋਵੇ।

'ਵਾਟਾਂ ਵਾਲੀਆ' ਤਿਨ੍ਹਾਂ ਦੀ ਖ਼ੈਰ ਸੱਤੇ, ਗੁਰੂ ਜਿਨ੍ਹਾਂ ਦਾ ਸੱਚੀ ਸਰਕਾਰ ਹੋਵੇ।

ਗੁਰੂ ਬਾਝ ਨਾ ਤੁਣਕਣਾ, ਤੁਣਕਣੀ ਨੇ, ਤੂੰਬਾ ਬੋਲਦਾ ਜਿਵੇਂ 'ਨੀ ਤਾਰ ਬਾਝੋਂ।
ਬਾਝੋਂ ਖਿੱਚ ਦੇ ਯਾਰੀਆਂ ਹੋਣ ਨਾਹੀਂ, ਮਨ ਵਿਲਕਦਾ ਨਹੀਂ ਪਿਆਰ ਬਾਝੋਂ।
ਲੱਖਾਂ ਮਣਾਂ ਵੀ ਲੱਕੜਾਂ ਹੋਣ ਭਾਵੇਂ, ਅੱਗ ਬਲ਼ੇ ਨਾ ਕਦੇ ਅੰਗਿਆਰ ਬਾਝੋਂ।
ਬਾਝੋਂ ਰਹਿਬਰਾਂ ਸਾਰ ਨਾ ਰਸਤਿਆਂ ਦੀ, ਘੋੜੇ ਦੌੜਦੇ ਨਹੀਂ ਅਸਵਾਰ ਬਾਝੋਂ।
ਖੁੱਲ੍ਹੇ ਜਿੰਦਰਾ ਬਾਝ ਨਾ ਚਾਬੀਆਂ ਦੇ, ਹੁੰਦੇ ਰਾਜ ਨਾ ਕਦੇ ਤਲਵਾਰ ਬਾਝੋਂ।
ਪਾਣੀ ਬਾਝ ਨਾ ਬੀਜਿਆ ਹਰਾ ਹੁੰਦਾ, ਮਿੱਟੀ ਮੌਲਦੀ ਨਹੀਂ ਫੁਹਾਰ ਬਾਝੋਂ।
ਤੰਦ ਤਕਲੇ ਬਾਝ ਨਾ ਕੱਤ ਹੁੰਦੇ, ਲੋਹਾ ਸਿੱਧਦਾ ਨਹੀਂ ਲੁਹਾਰ ਬਾਝੋਂ।
ਧੁਰੀ ਬਾਝ ਨਾ ਘੁੰਮਦੀ ਧਰਤ ਏਹੇ, ਨੇਰ੍ਹਾ ਮਿਟੇ ਨਾ ਕਦੇ ਲਿਸ਼ਕਾਰ ਬਾਝੋਂ।
'ਵਾਟਾਂ ਵਾਲੀਆ' ਬਾਤ ਰਹੱਸ ਵਾਲੀ, ਔਖੀ ਬੁੱਝਣੀ ਬੜੀ ਬੁਝਿਆਰ ਬਾਝੋਂ।

# ਸੰਤ ਅਵਤਾਰ ਸਿੰਘ ਜੀ ਨਾਲ ਮੇਲ਼

ਜਿੰਦ ਭੁੱਲ ਗਈ ਕਾਰ-ਵਿਹਾਰ ਸਾਰੇ, ਜਦੋਂ ਸੰਤ ਅਵਤਾਰ ਨਾਲ਼ ਮੇਲ਼ ਹੋਇਆ।
ਮੇਲ਼ ਧੁਰੋਂ ਕਰਤਾਰ ਨੇ ਲੇਖਿਆ ਸੀ, ਧਰਤ ਉੱਤੇ ਤਾਂ ਜਾਣੋ ਇਹ ਖ੍ਹੇਲ ਹੋਇਆ।
ਚੌਂਹਾਂ ਦਿਨਾਂ ਦੇ ਵਾਦ-ਸੰਵਾਦ ਪਿਛੋਂ, ਗੁਰੂ ਚੇਲੇ ਦਾ ਸਾਂਝ-ਸੁਮੇਲ ਹੋਇਆ।
'ਵਾਟਾਂ ਵਾਲੀਆ' ਰੂਹਾਂ ਦੇ ਹਾਣ ਰੂਹਾਂ, ਐਵੇਂ ਕਦੇ ਨਾ ਕਿਸੇ ਦਾ ਸੁਹੇਲ ਹੋਇਆ।

ਕਾਂ ਸਦਾ ਹੀ ਰਹਿੰਦੇ ਨੇ ਨਾਲ ਕਾਵਾਂ, ਕੂੰਜਾਂ, ਕੂੰਜਾਂ ਦੀ ਡਾਰ ਵਿੱਚ ਰਹਿੰਦੀਆਂ ਨੇ ।
ਤੋਤੇ ਸਦਾ ਹੀ ਬੋਲਦੇ ਵਿੱਚ ਬਾਗਾਂ, ਇੱਲਾਂ ਕਦੇ ਨਾ ਬਾਗ ਵਿੱਚ ਬਹਿੰਦੀਆਂ ਨੇ ।
ਸੁਘੜ ਵਿੱਚ ਨਾ ਬੈਠਦੇ ਮੂਰਖਾਂ ਦੇ, ਦੁੱਧਾਂ ਵਿੱਚ ਨਾ ਕਾਂਜੀਆਂ ਪੈਂਦੀਆਂ ਨੇ ।
ਵਾਟਾਂ ਵਾਲੀਆ ਜਿਹਨਾਂ ਦੇ ਸੱਚ ਪੱਲੇ, ਰੂਹਾਂ ਸੱਚ ਦੇ ਵਣਜ ਤੇ ਰਹਿੰਦੀਆਂ ਨੇ ।

ਜਿੰਦੇ ਪੁਰਖਾਂ ਤੋਂ ਉਹੋ ਮਹਾਂਪੁਰਖ ਹੋ ਗਏ, ਜਿਹਨਾਂ ਆਖਰੀ ਸੱਚ ਨੂੰ ਟੋਲਿਆ ਏ ।
ਸੱਚ ਕਹਿਣ ਤੇ ਕਥਨ ਤੋਂ ਬਾਹਰ ਉਹੋ, ਏਨਾ ਸੱਚ ਹੀ ਸਾਰਿਆਂ ਬੋਲਿਆ ਏ ।

ਜਿੰਨਾ ਦੇਖਿਆ ਓਨਾ ਸੰਕੇਤ ਕੀਤਾ ਅਣਬੁੱਝੇ, ਰਹੱਸ ਨੂੰ ਖੋਲਿਆ ਏ।
ਕਰਮ ਕੰਡਾ ਤੇ ਸੱਚ ਦੇ ਵੱਟਿਆਂ 'ਤੇ , ਤੇਰਾਂ-ਤੇਰਾਂ ਹੀ ਉਹਨਾਂ ਨੇ ਤੋਲਿਆ ਏ।

ਸੱਭੋ ਸੱਚ ਹੀ ਏਸ ਜਹਾਨ ਅੰਦਰ, ਆਪੋ ਆਪਣੇ ਪੱਖਾਂ ਨੂੰ ਪੂਰਦੇ ਨੇ।
ਕਈ ਵਾਦ ਤੇ ਕਈ ਵਿਵਾਦ ਏਥੇ, ਇੱਕ ਦੂਜੇ ਨੂੰ ਕੁੜਕਦੇ ਘੂਰਦੇ ਨੇ।
ਕਈ ਘੁੰਮਦੇ ਗਿਰਦ ਪਦਾਰਥਾਂ ਦੇ, ਕਈ ਸੱਚ ਪਦਾਰਥ ਤੋਂ ਦੂਰਦੇ ਨੇ।
ਸਾਰੇ ਸੱਚਾਂ ਦਾ ਆਖਰੀ ਸੱਚ ਏਹੋ, ਸਾਰੇ ਸੋਹਣਾ ਸੰਸਾਰ ਹੀ ਝੂਰਦੇ ਨੇ।

## ਸੱਚ ਦੀ ਖੋਜ

ਸਾਡਾ ਸੋਹਣਾ ਸੰਸਾਰ ਹੈ ਬੜਾ ਵੱਡਾ, ਰੰਗ ਏਸਦੇ ਬੜੇ ਆਪਾਰ ਸਾਥੀ।
ਵੱਖੋ-ਵੱਖ ਨੇ ਵੱਸਦੇ ਲੋਕ ਏਥੇ, ਵੱਖੋ-ਵੱਖਰੇ ਸਭਿਆਚਾਰ ਸਾਥੀ।
ਵੱਖੋ-ਵੱਖ ਉਹ ਬੋਲੀਆਂ ਬੋਲਦੇ ਨੇ, ਵੱਖੋ-ਵੱਖ ਨੇ ਕੰਮ ਤੇ ਕਾਰ ਸਾਥੀ।
ਵੱਖੋ-ਵੱਖਰੀ ਉਹਨਾਂ ਦੀ ਵੇਸ-ਭੂਸ਼ਾ, ਵੱਖੋ-ਵੱਖਰੇ ਲੋਕ-ਆਚਾਰ ਸਾਥੀ।
ਕੋਈ ਮੌਤ ਨੂੰ ਆਖ਼ਰੀ ਸੱਚ ਆਖੇ, ਕੋਈ ਜ਼ਿੰਦਗੀ ਦੇ ਦਿਨ ਚਾਰ ਸਾਥੀ।

ਕਿਸੇ ਆਖਿਆ ਜਗਤ ਸਚਾਈ ਵੱਡੀ, ਕਿਸੇ ਆਖਿਆ ਝੂਠ-ਗ਼ੁਬਾਰ ਸਾਥੀ।
ਕਿਸੇ ਆਖਿਆ ਜਗਤ ਸਰਾਏਂ ਇਹੇ, ਪੇਕਾ-ਸਹੁਰਾ ਤੇ ਕਿਸੇ ਪਰਿਵਾਰ ਸਾਥੀ।
ਕਿਸੇ ਆਖਿਆ ਜਗਤ ਸਮੁੰਦ ਵੱਡਾ, ਔਖਾ ਏਸਤੋਂ ਜਾਵਣਾ ਪਾਰ ਸਾਥੀ।
ਜਿਹੜੇ ਸੱਚ ਨੂੰ ਖੋਜਣਾ ਲੋਚਦੇ ਨੇ, ਉਹ ਰੰਗੇ ਗਏ ਵਿੱਚ ਪਿਆਰ ਸਾਥੀ।
'ਵਾਟਾਂਵਾਲੀਆ' ਸੱਚ ਨੂੰ ਖੋਜ ਲੈਂਦੇ, ਸਭੇ ਟੋਲ਼ ਕੇ ਆਰ ਤੇ ਪਾਰ ਸਾਥੀ।

## ਰਹੱਸਵਾਦੀ ਸਫ਼ਰ

ਆਦਿ ਕਾਲ ਤੋਂ ਕੁਦਰਤੀ ਸ਼ਕਤੀਆਂ ਨੇ, ਬੜਾ ਬੰਦੇ ਦੇ ਤਾਈਂ ਹੈਰਾਨ ਕੀਤਾ।
ਲਾਵੇ, ਜਲਜਲੇ, ਕੜਕਦੀ ਬਿਜਲੀਆਂ ਨੇ, ਭੈ-ਭੀਤ ਸੀ ਸਦਾ ਇਨਸਾਨ ਕੀਤਾ।
ਕੀਹਨੇ ਸਾਜੀ ਇਹ ਧਰਤ ਤੇ ਸੁਰਗ-ਬੇਲੇ, ਕੀਹਨੇ ਜਲ ਤੇ ਥਲ ਬੀਆਬਾਨ ਕੀਤਾ।
ਕਿੱਦਾਂ ਵਿੱਚ ਅਸਮਾਨ ਤੇ ਚੰਨ-ਤਾਰੇ, ਕੀਹਨੇ ਖੜਾ ਇਹ ਨੀਲਾ ਅਸਮਾਨ ਕੀਤਾ।
ਕੁਦਰਤ ਵਿੱਚੋਂ ਸੀ ਦੇਖਦਾ ਰੱਬ ਬੰਦਾ, ਜਿਹੜੀ ਓਸ ਨੂੰ ਡਾਢੀ ਪ੍ਰਤੀਤ ਹੋਈ।
ਦੇਖੇ ਓਸਨੇ ਦੇਵਤੇ-ਦੈਂਤ ਵਿੱਚੋਂ, ਸਹਿਜੇ ਉਹਨਾਂ ਨੂੰ ਪੂਜਣਾ ਰੀਤ ਹੋਈ।

ਜਪ-ਤਪ ਤੇ ਭਗਤੀਆਂ ਸ਼ੁਰੂ ਹੋਈਆਂ, ਸ਼ੁਰੂ ਓਸ ਓਅੰਕਾਰ ਦੀ ਪ੍ਰੀਤ ਹੋਈ।
ਸ਼ੁਰੂ ਹੋ ਗਿਆ ਸਫ਼ਰ ਰਹੱਸਵਾਦੀ, ਭਾਲ਼ ਓਸਦੀ ਅੰਤਰੀ ਚੀਤ ਹੋਈ।

ਸਾਜਣਹਾਰ ਦੀ ਖੋਜ ਤੇ ਭਾਲ਼ ਵਿੱਚੋਂ, ਉਹਨੇ ਖੋਜਿਆ ਆਪਣਾ ਆਪ ਸਾਰਾ।
ਬੁਰਾ-ਭਲਾ ਤੇ ਖੋਜਿਆ ਦੀਨ ਵਿੱਚੋਂ, ਖੋਜ ਲਿਆ ਸੀ ਪੁੰਨ ਤੇ ਪਾਪ ਸਾਰਾ।
ਵਿੱਚੋਂ ਖੋਜਿਆ ਓਸਨੇ ਪਰਮ ਪੂਰਾ, ਵਿੱਚੋਂ ਖੋਜਿਆ ਉਹਦਾ ਪ੍ਰਤਾਪ ਸਾਰਾ।
ਵਿੱਚੋਂ ਹੋਏ ਸੀ ਤਰਕ-ਬੇਤਰਕ ਪੈਦਾ, ਵਾਟਾਂ ਵਾਲੀਆ ਥਾਪ-ਉਥਾਪ ਸਾਰਾ।

## ਮਨੋ ਵੇਗ

ਸਹਿਜੇ-ਸਹਿਜੇ ਇਹ ਸਹਿਜ ਦੀ ਸਮਝ ਆਵੇ, ਮਨ ਸਹਿਜ ਦੇ ਨਾਲ ਇਹ ਜੁੜੇ ਸਹਿਜੇ।
ਪਹਿਲੋਂ ਗਾਂਹਵਦਾ ਆਗ-ਪਤਾਲ਼-ਮੰਡਲ, ਮਨੋਵੇਗ ਇਹ ਸਰਾਂ ਜਿਉਂ ਮੁੜੇ ਸਹਿਜੇ।
ਸਹਿਜੇ ਮਿਟੇ ਇਹ ਭਟਕਣਾ ਨ੍ਹੇਰ ਦੁਬਿਧਾ, ਆਪ ਮੇਟੇ ਤਾਂ ਅਟਕ ਇਹ ਰੁੜ੍ਹੇ ਸਹਿਜੇ।
'ਵਾਟਾਂ ਵਾਲੀਆ' ਪੂਰਬਲਾ ਭਾਗ ਜਾਗੇ, ਧੁਰੋਂ ਹੋੜਿਆ ਜਿਹਨਾਂ ਦਾ ਹੁੜੇ ਸਹਿਜੇ।

## ਕਾਅਬਾ ਕਾਸ਼ੀ ਕੁਟੀਆ ਹੋਈ

ਨਿੱਤਨੇਮ ਤੇ ਬਾਣੀ ਦੀ ਸੰਥਿਆ ਲਈ, ਸੀਚੇਵਾਲੀਆ ਜਾਏ ਜਵਾਨ ਕੁਟੀਆ।
ਰੰਗ ਚੜ੍ਹਦਿਆਂ ਚੜ੍ਹ ਗਿਆ ਪ੍ਰੇਮ ਵਾਲ਼ਾ, ਚੱਤੋ-ਪਹਿਰ ਹੀ ਰਹੇ ਧਿਆਨ ਕੁਟੀਆ।
ਲੋਹਾ ਦੇਖਿਆ ਗਰਮ ਅਵਤਾਰ ਸੰਤਾਂ, ਖਿੱਚ ਮਾਰਿਆ ਵਿੱਚ ਵਦਾਨ ਕੁਟੀਆ।
ਭਾਣਾ ਵਰਤਿਆ ਫਿਰਕੀਆਂ ਬਦਲ ਗਈਆਂ, ਜਾਪੇ ਇਹੋ ਸੰਸਾਰ ਜਹਾਨ ਕੁਟੀਆ।
ਵੈਰੀ ਮਿੱਤ ਤੇ ਮਿੱਤ ਨਾ ਭਾਉਣ ਸੀਨੇ, ਧੜਾ ਧਰਮ ਤੋਂ ਕੀਤਾ ਕੁਰਬਾਨ ਕੁਟੀਆ।
'ਵਾਟਾਂ ਵਾਲੀਆ' ਜਾਚਨਾ ਜਾਗ ਉੱਠੀ, ਹੋਈ ਕਾਅਬੇ ਤੇ ਕਾਸ਼ੀ ਸਮਾਨ ਕੁਟੀਆ।

## ਬਾਬੇ ਦਾ ਅੰਮ੍ਰਿਤ ਵੇਲੇ ਦਾ ਨੇਮ

ਪਹਿਲੇ ਪਹਿਰ ਦਾ ਚੜ੍ਹੇ ਪ੍ਰਭਾਤ-ਤਾਰਾ, ਭਾਗਾਂ-ਵਾਲੜੇ ਖੋਹਲਦੇ ਅੱਖ ਓਦੋਂ।
ਖਿੱਤੀ ਜਾਂਵਦੀ ਸਿਰਾਂ ਤੋਂ ਵੱਲ ਲਹਿੰਦੇ, ਧਰੂ ਅਟਕਿਆ ਦਿਸੇ ਪ੍ਰਤੱਖ ਓਦੋਂ।
ਤਾਰੇ ਘੁੰਮਦੇ ਨਿਯਮ ਦੇ ਵਿੱਚ ਬੱਝੇ, ਸੌਂਵੇਂ ਲੰਮੀਆਂ ਤਾਣ ਮਲੱਖ ਓਦੋਂ।
ਵਣ-ਤ੍ਰਿਣ ਤੇ ਜਾਪਦੀ ਧਰਤ ਸੁੱਤੀ, ਸੁੱਤੇ ਜਾਪਦੇ ਗਲੀ ਦੇ ਕੱਖ ਓਦੋਂ।

ਓਸ ਵੇਲਿਓਂ ਉਠਦਾ ਰੋਜ਼ ਬਾਬਾ, ਆਟ੍ਹਾ ਓਸਦਾ ਉੱਠਣਾ ਨੇਮ ਹੋਇਆ।
ਬਿਨਾ-ਨਾਗਿਓਂ ਝਿੜੀ ਤੇ ਜਾਂਵਦਾ ਏ, ਰੰਗ ਗੌਤਿਆਂ ਨਾਲ਼ ਪ੍ਰੇਮ ਹੋਇਆ।
ਬਾਬਾ ਪ੍ਰੇਮ ਦੇ ਚੌਖਟੇ ਵਿੱਚ ਬੱਝਾ, ਪ੍ਰੇਮ ਆਦਲਾ-ਅੰਤਲਾ ਏਮ ਹੋਇਆ।
ਝੁੱਗਾ ਯਾਰ ਦਾ ਬਲਖ਼-ਬੁਖ਼ਾਰ ਜਾਪੇ, ਰਾਜੇ-ਰੰਕ ਦਾ ਮਰਤਬਾ ਸੇਮ ਹੋਇਆ।

ਹੋਇਆ ਹੋਰ ਦਾ ਹੋਰ ਸੰਸਾਰ ਸਾਰਾ, ਅੱਖ ਦੇਖਦੀ ਨਵੇਂ ਨਜ਼ਾਰਿਆਂ ਨੂੰ।
ਜੀਵ-ਜੰਤ ਨੂੰ ਦੇਖਦੀ ਨੀਝ ਲਾਕੇ, ਵਾਰੇ ਜਾਂਵਦੀ ਵੇਖ ਵਰਤਾਰਿਆਂ ਨੂੰ।
ਦਿਨੇ ਦੇਖਦੀ ਮੌਲਦੇ ਫੁੱਲ-ਬੂਟੇ, ਰਾਤੀਂ ਤੱਕਦੀ ਅੰਬਰੋਂ ਤਾਰਿਆਂ ਨੂੰ।
ਤੱਕ-ਤੱਕ ਕੇ ਖੜ੍ਹੀ ਨਿਹਾਲ ਤੱਕੇ, ਤੱਕੇ ਕੁਦਰਤੋਂ ਕਾਦਰੀ ਕਾਰਿਆਂ ਨੂੰ।

ਬਾਬਾ ਬਦਲਿਆ ਲੋਕ ਵੀ ਕਰਨ ਗੱਲਾਂ, ਆਏ ਗਏ ਦੇ ਘੁੱਟਦਾ ਪੈਰ ਬੇਲੀ।
ਜੋੜੇ ਝਾੜਦਾ ਝਿੜੀ ਤੇ ਕਰੇ ਸੇਵਾ, ਮੰਗੇ ਭਲਾ ਸਰਬੱਤ ਦੀ ਖ਼ੈਰ ਬੇਲੀ।
ਉਹਨੂੰ ਆਪਣਾ ਦਿਸੇ ਸੰਸਾਰ ਸਾਰਾ, ਦੇਖੇ ਦੂਈ ਨਾ ਦੇਖਦਾ ਗ਼ੈਰ ਬੇਲੀ।

'ਵਾਟਾਂ ਵਾਲੀਆਂ' ਝਿੜੀ ਤੇ ਰਹਿਣ ਲੱਗਾ, ਦਿਨੇ-ਰਾਤ-ਪ੍ਰਭਾਤ ਅਠ-ਪਹਿਰ ਬੇਲੀ।

## ਘਰ ਤਿਆਗਣਾ

ਸੰਤਾਂ ਆਖਿਆ ਆਣ ਕੇ ਅਚਨਚੇਤੀ, ਹੁਣ ਤੂੰ ਘਰੇ ਨਹੀਂ ਜਾਣਾ ਬਲਬੀਰ ਸਿੰਘਾ।
ਰਹਿਣਾ ਸਦਾ ਲਈ ਆਣ ਕੇ ਕੋਲ਼ ਸਾਡੇ, ਸੱਚੀ ਸੇਵ ਕਮਾਣਾ ਬਲਬੀਰ ਸਿੰਘਾ।
ਬੜਾ ਹੋ ਗਿਆ ਪੜ੍ਹਨ-ਪੜ੍ਹਾਣ ਤੇਰਾ, ਹੁਣ ਤੈਂ ਜਾਪ ਜਪਾਣਾ ਬਲਬੀਰ ਸਿੰਘਾ।
ਅਸੀਂ ਸਦਾ ਹੀ ਖੜੇ ਹਾਂ ਨਾਲ਼ ਤੇਰੇ, ਨਾਹੀਂ ਰਤੀ ਘਬਰਾਣਾ ਬਲਬੀਰ ਸਿੰਘਾ।
ਹੱਥ ਜੋੜ ਕੇ ਹੁਕਮ ਸਵੀਕਾਰਿਆ ਈ, ਹੋਇਓਂ ਦਾਸ ਨਿਤਾਣਾ ਬਲਬੀਰ ਸਿੰਘਾ।
ਸੀਚੇ ਵਾਲੀਆ ਤੈਨੂੰ ਪ੍ਰਣਾਮ ਸਾਡਾ, ਸੈਆਂ ਸੀਸ ਝੁਕਾਣਾ ਬਲਬੀਰ ਸਿੰਘਾ।

## ਹੁਕਮ ਦੀ ਪਾਲਣਾ

ਹੁਕਮ ਮੰਨਣਾ ਗੁਰੂ ਦਾ ਬੜਾ ਔਖਾ, ਬੜੀ ਔਖੀ ਹੈ ਘਾਲਣੀ ਘਾਲਣਾ ਜੀ।
ਚੱਤੋ-ਪਹਿਰ ਹੀ ਹੁਕਮ ਦੇ ਵਿੱਚ ਰਹਿਣਾ, ਭੋਰਾ ਹੁਕਮ ਨਾ ਗੁਰੂ ਦਾ ਟਾਲਣਾ ਜੀ।
ਹੁਕਮ ਮੰਨਿਆ ਹੋਣਾ ਪਰਵਾਨ ਜੀਓ, ਪੈਂਡਾ ਗੁਰੂ ਨੇ ਅਸਲ ਵਿਖਾਲਣਾ ਜੀ।

ਜਿਹਨਾਂ ਹੁਕਮ ਤੇ ਹਿਕਮਤਾਂ ਜਾਣ ਲਈਆਂ, ਉਹਨੂੰ ਗੁਰੂ ਨੇ ਦਿਲੀਂ ਬਿਠਾਲਣਾ ਜੀ।
'ਵਾਟਾਂ ਵਾਲੀਆ' ਹੁਕਮ ਦੀ ਅਜਬ ਲੀਲਾ, ਕਰਕੇ ਵੇਖ ਲੈ ਹੁਕਮ ਦੀ ਪਾਲਣਾ ਜੀ।

## ਤਿਆਗ ਤੇ ਫ਼ਰਜ਼

ਘਰ ਆਪਣਾ ਛੱਡਿਆ ਜਦੋਂ ਬਾਬੇ, ਪਹਿਲੋਂ ਆਪਣੇ ਫ਼ਰਜ਼ ਨਿਭਾਏ ਉਹਨੇ।
ਪਿਤਾ-ਪੁਰਖ ਜੋ ਮੁੱਢ ਤੋਂ ਕਰਨ ਖੇਤੀ, ਵਿੱਚ ਖੇਤੀਆਂ ਹੱਥ ਵਟਾਏ ਉਹਨੇ।
ਬਣ ਮਿਸਤਰੀ ਮਿਹਨਤਾਂ ਕੀਤੀਆਂ ਨੇ, ਸਿਰੋਂ ਆਪਣੇ ਕਰਜ਼ ਚੁਕਾਏ ਉਹਨੇ।
ਭੈਣ-ਭਾਈ-ਪਰਿਵਾਰ ਦੇ ਨਾਤਿਆਂ ਦੇ, ਪੰਡ ਚੁੱਕ ਕੇ ਬੋਝ ਉਠਾਏ ਉਹਨੇ।
ਜਾਇਦਾਦਾਂ ਦੇ ਵਾਸਤੇ ਮਰਨ ਲੋਕੀਂ, ਉਹ ਵੀ ਉਹਨਾਂ ਦੇ ਨਾਮ ਲਵਾਏ ਉਹਨੇ।
'ਵਾਟਾਂ ਵਾਲੀਆਂ' ਆਪਣਾ ਆਪ ਲੈ ਕੇ, ਡੇਰੇ ਆਣ ਕੇ ਝਿੜੀ ਤੇ ਲਾਏ ਉਹਨੇ।

## ਘਰ-ਬਾਹਰ ਦਾ ਮੋਹ

ਜੀਓ ਜੀਆਂ ਦੇ ਨਾਲ਼ ਪਿਆਰ ਡਾਢਾ, ਬੜਾ ਔਖਾ ਏ ਘਰਾਂ ਨੂੰ ਤਿਆਗਣਾ ਜੀ।
ਬੜੀ ਔਖੀ ਹੈ ਘੜੀ ਇਹ ਫੈਸਲੇ ਦੀ, ਜੀਕੂੰ ਸੁਰਖ਼ ਸਲਾਖ਼ੋਂ ਦਿਲ ਦਾਗਣਾ ਜੀ।

ਮਾਈ-ਭਾਈ ਤੇ ਭੈਣਾਂ ਪਰਿਵਾਰ ਸਾਰੇ, ਯਾਰਾਂ-ਮਿੱਤਰਾਂ ਰੋਕ ਵੈਰਾਗਣਾ ਜੀ।
ਜਿਹਨਾਂ ਤਲੀ ਤੇ ਧਰ ਲਿਆ ਸੀਸ ਆਪੇ, ਉਨ੍ਹਾਂ ਪਿਛਾਂਹ ਕੀ ਪਰਤਣਾ-ਭਾਗਣਾ ਜੀ।
ਜਿਹਨਾਂ ਖਸਮ ਦੇ ਪਿਆਰ ਦੀ ਓਟ ਤੱਕੀ, ਇਥੇ-ਉਥੇ ਉਹ ਜਾਣ ਸੁਹਾਗਣਾ ਜੀ।
'ਵਾਟਾਂ ਵਾਲੀਆ' ਪਿਰਹੁੰ ਪਰਵਾਨ ਹੋਣਾ, ਫੇਰ ਸੌਣਾ ਤੇ ਫੇਰ ਕੀ ਜਾਗਣਾ ਜੀ।

## ਦੁਨੀਆਂ ਦੀਆਂ ਗੱਲਾਂ

ਗੱਲਾਂ ਹੁੰਦੀਆਂ ਆਂਢ-ਗੁਆਂਢ ਸਾਰੇ, ਜੱਟ ਗਾਦੜੀ ਰਲ਼ ਗਿਆ ਨਾਲ਼ ਸਾਧਾਂ।
ਵਿੱਚੇ ਛੱਡਤੀ ਬੀ. ਏ. ਦੀ ਸਿੱਖਿਆ ਵੀ, ਐਵੇਂ ਜ਼ਿੰਦਗੀ ਦੇਣੀ ਏ ਗਾਲ਼ ਸਾਧਾਂ।
ਬਾਪੂ ਆਣ ਕੇ ਝਿੜੀ ਤੇ ਝਿੜਕਦਾ ਏ, ਦੱਸ ਕਿਹੜੀ ਏ ਵਿੱਚ ਕਮਾਲ ਸਾਧਾਂ।
ਘਰੇ ਚੱਲੀਏ ਕਹਿਣ ਜਵਾਈ ਆਇਆ, ਨਾਲ਼ੇ ਜ਼ੋਰ ਪਿਆਰ ਮਲਾਲ ਸਾਧਾਂ।
ਬਾਬਾ ਡੋਲਿਆ-ਥਿੜਕਿਆ-ਪਲਟਿਆ ਨਾ, ਔਖਾ ਜੀਣਾ ਏ ਬਾਝ ਮਹਾਲ ਸਾਧਾਂ।
'ਵਾਟਾਂ ਵਾਲੀਆ' ਪ੍ਰੀਤ-ਪਿਆਰ ਏਨਾ, ਜੱਗ ਟਾਵੀਆਂ ਮਿਲਣ ਮਿਸਾਲ ਸਾਧਾਂ।

# ਆਰ-ਪਾਰ ਦਾ ਫਾਸਲਾ

ਆਰ ਉਲਝਣਾ ਜਗਤ ਵਿੱਚ ਬਹੁਤ ਸਿੰਘਾ, ਪਾਰ ਪਰਮ ਦੇ ਪਿਆਰ ਵਿੱਚ ਲੀਨ ਹੋਣਾ।
ਆਰ ਕੰਢੇ ਤੇ ਬੈਠ ਕੇ ਸੋਚਣਾ ਜੇ, ਫੇਰ ਧਰਮ ਤੇ ਫੇਰ ਕੀ ਦੀਨ ਹੋਣਾ?
ਆਰ ਇਸ਼ਕ ਤੇ ਆਸ਼ਕਾਂ ਬੈਠਣਾ ਕੀ? ਪਾਰ ਹੋਇਆਂ ਹੀ ਇਸ਼ਕ ਪਰਬੀਨ ਹੋਣਾ।
ਸੀਚੇ ਵਾਲੀਆ ਮਾਰਨੀ ਛਾਲ਼ ਪੈਣੀ, ਤਾਂ ਹੀ ਦਰਸ ਦੀਦਾਰ ਉਹ ਸੀਨ ਹੋਣਾ।

ਜਦੋਂ ਤੀਕ ਦਵੰਦ ਹੈ ਦਿਲਾਂ ਅੰਦਰ, ਪਾਰ ਕਦੇ ਨਹੀਂ ਭਵਜਲੋਂ ਕੁੱਦ ਹੁੰਦਾ।
ਜਦੋਂ ਤੀਕ ਨੇ ਥਿੜਕਦੇ ਪੈਰ ਸਾਡੇ, ਨਹੀਓਂ ਆਪਣਾ ਆਪੇ ਨਾਲ ਯੁੱਧ ਹੁੰਦਾ।
ਜਦੋਂ ਤੀਕ ਨਾ ਵਾਸਨਾ ਦੂਰ ਹੋਈਆਂ, ਸੀਨਾ ਕਦੇ ਨਹੀਂ ਕਿਸੇ ਦਾ ਸ਼ੁੱਧ ਹੁੰਦਾ।
ਸਿਧਾਰਥ ਛੱਡਦਾ ਹੀ ਨਾ ਜੇ ਲਾਂਝਿਆਂ ਨੂੰ, ਨਹੀਓਂ ਕਦੇ ਸਿਧਾਰਥੋਂ ਬੁੱਧ ਹੁੰਦਾ।

ਦੂਰ ਉਹਨਾਂ ਦੇ ਦਿਲੋਂ ਦਵੰਦ ਹੋਇਆ, ਜਿਹਨਾਂ-ਜਿਹਨਾਂ ਨੇ ਧਾਰਿਆ ਇਕ ਪਾਸਾ।

ਉਹੀ ਪਹੁੰਚਦੇ ਸਿਖਰਲੇ ਤੱਟ ਉੱਤੇ, ਜਿਹਨਾ-ਜਿਹਨਾ ਨੇ ਹਾਰਿਆ ਇਕ ਪਾਸਾ।
ਜੀਣਾ ਛੱਡਕੇ ਮਰਨ ਕਬੂਲ ਕੀਤਾ, ਜਿਹਨਾ-ਜਿਹਨਾ ਨੇ ਵਾਰਿਆ ਇਕ ਪਾਸਾ।
'ਵਾਟਾਂ ਵਾਲੀਆ' ਛੱਡ ਦੁਚਿੱਤੀਆ ਨੂੰ, ਮਸਾਂ! ਜਾਵੇ ਵਿਚਾਰਿਆ ਇਕ ਪਾਸਾ।

## ਅਣਥੱਕ ਸੇਵਾ

ਸੀਚੇ ਵਾਲੀਆ ਤੇਰੀ ਅਣਥੱਕ ਸੇਵਾ, ਭੋਲ਼ੇ-ਭਾਓ ਤੇ ਪਿਆਰ ਦੀ ਹੱਦ ਤੇਰੀ।
ਹੱਦੋਂ ਵੱਧ ਏ ਤਿਆਗ ਤੇ ਧਰਮ ਤੇਰਾ, ਅਵੱਲੀ ਸਬਰ ਤੇ ਸਿਦਕ ਦੀ ਬੱਧ ਤੇਰੀ।
ਸੇਵਾ ਕਰਦਿਆਂ ਗੁਰੂ ਦੀ ਥੱਕਦਾ ਨਹੀਂ, ਕਿਹੜੀ ਪੀਤੀ ਏ ਪਤਾ ਨਹੀ ਮੱਦ ਤੇਰੀ।
ਜਿਹੜੀ ਮਾਈ ਦੀ ਕੁੱਖ 'ਚੋਂ ਜਨਮ ਤੇਰਾ, ਧੰਨ ਅੰਮਾਂ ਤੇ ਧੰਨ ਉਹ ਜੱਦ ਤੇਰੀ।

## ਪ੍ਰੇਮ

ਪ੍ਰੇਮ ਸੁਰਤ ਹੈ ਸਿਖ਼ਰ ਨੂੰ ਛੋਹਣ ਵਾਲੀ, ਪ੍ਰੇਮ ਪਿਆਰੇ ਨੂੰ ਪਾਉਣ ਦਾ ਢੰਗ ਸੋਹਣਾ।
ਕੇਰਾਂ ਚੜ੍ਹੇ ਤਾਂ ਫੇਰ ਨਾ ਪਵੇ ਫਿੱਕਾ, ਗੂੜ੍ਹਾ ਰੱਤਾ ਇਹ ਰੰਗਾਂ 'ਚੋਂ ਰੰਗ ਸੋਹਣਾ।
ਹੱਥ ਯਾਰ ਦੇ ਜਦੋਂ ਵੀ ਡੋਰ ਹੋਵੇ, ਉੱਚਾ ਉੱਡੇ ਅਸਮਾਨ ਪਤੰਗ ਸੋਹਣਾ।

ਚਾਰੇ ਪਾਸੇ ਹੀ ਯਾਰ ਪ੍ਰਤੀਤ ਹੋਵੇ, ਸਦਾ ਜਾਪਦਾ ਅੰਗ ਤੇ ਸੰਗ ਸੋਹਣਾ।

ਨੈਣ ਯਾਰ ਦੇ ਦਰਸ ਨੂੰ ਹੋਣ ਬੌਰੇ, ਚਿੱਤੋਂ ਯਾਰ ਦੇ ਨਾਮ ਦੀ ਹੂਕ ਉੱਠੇ।
ਬਿਨਾਂ ਛੇੜਿਆਂ ਸੀਨਿਓਂ ਛਿੜਨ ਤਾਰਾਂ, ਆਪੇ ਆਪ ਹੀ ਕਾਲ਼ਜਾ ਕੂਕ ਉੱਠੇ।
ਕੱਤੇ ਪੂਣੀਆ ਯਾਰ ਦੇ ਨਾਮ ਉੱਤੇ, ਸੋਹਣੇ ਯਾਰ ਦੀ ਚਰਖੀਓਂ ਘੂਕ ਉੱਠੇ।
'ਵਾਟਾਂ ਵਾਲੀਆ' ਫੇਰ ਨਾ ਮੁੜੇ ਪਿੱਛੇ, ਜਗ ਮੋੜੇ ਤੇ ਭਾਵੇਂ ਬੰਦੂਕ ਉੱਠੇ।

## ਆਉਣ ਵਾਲੇ ਸਮੇਂ ਬਾਰੇ ਦੱਸਣਾ ਅਤੇ ਸੰਤ ਬਲਬੀਰ ਸਿੰਘ ਜੀ ਨੂੰ ਗੱਦੀ ਦਾ ਆਦੇਸ਼।

ਅੰਤ ਸਮੇਂ ਨੂੰ ਜਾਣਿਆ ਜਦੋਂ ਨੇੜੇ, ਜਾਣੀ-ਜਾਣ ਨੇ ਇੱਛਾ ਪ੍ਰਗਟਾਈ ਇਹੇ।
ਦੇਹੀ ਬਦਲ ਕੇ ਅਸੀਂ ਬਲਬੀਰ ਹੋਣਾ, ਵਿਧ-ਮਾਤਾ ਨੇ ਵਿਧਾ ਬਣਾਈ ਇਹੇ।
ਇਹੋ ਅਟਲ ਅਕਾਲ ਦਾ ਅਸਲ ਭਾਣਾ, ਭਾਣਾ ਵਰਤਦਾ ਸਦਾ ਸਚਾਈ ਇਹੇ।
ਅੱਗੋਂ ਮੰਨਣਾ ਹੁਕਮ ਬਲਬੀਰ ਜੀ ਦਾ, ਕਰਤਾ ਪੁਰਖ ਦਾ ਖ਼ਰਾ ਸਿਪਾਹੀ ਇਹੇ।

ਇਹਨੇ ਵਿੱਢਣੀ ਬੜੀ ਮੁਹਿੰਮ ਵੱਡੀ, ਨਾਲ਼ ਰਮਜ਼ ਦੇ ਗੱਲ ਸਮਝਾਈ ਇਹੇ।
ਸੀਚੇਵਾਲ ਦੀ ਬਦਲ ਨੁਹਾਰ ਜਾਣੀ, ਇਹਨੂੰ ਪੁੱਛ ਕੇ ਤੂਰ ਲੁਕਾਈ ਇਹੇ।

## ਦੇਸ਼ ਦੇ ਹਾਲਾਤ ਅਤੇ ਸੰਤਾਂ ਦੀ ਹੱਤਿਆ

ਹਨੇਰ ਝੁੱਲਿਆ ਦੇਸ਼ ਪੰਜਾਬ ਓਦੋਂ, ਵੱਖ-ਵਾਦੀਏ ਗ਼ਦਰ ਮਚਾਉਣ ਲੱਗੇ।
ਦਿਨ-ਦੀਵੀਏਂ ਕਤਲ ਤੇ ਕਤਲ ਹੁੰਦੇ, ਚੋਬਰ ਦੇਸ਼ ਦੇ ਮਰਨ ਮਰਾਉਣ ਲੱਗੇ।
ਅੱਤਵਾਦੀਏ ਘੇਰਦੇ ਆਣ ਰਾਤੀਂ , ਦਿਨੇ ਪੁਲਸੀਏ ਕਹਿਰ ਕਮਾਉਣ ਲੱਗੇ।
ਬਾਲ਼ੀ ਅੱਗ ਨੂੰ ਦੇਖ ਸ਼ੈਤਾਨ ਹੱਸਣ, ਹਿੰਦੂ, ਸਿੱਖ ਦੇ ਨਾਲ਼ ਲੜਾਉਣ ਲੱਗੇ।
ਜਣੇ-ਖਣੇ ਨੇ ਫੜ੍ਹੇ ਹਥਿਆਰ ਹੱਥੀਂ, ਨੰਗਾ ਮੌਤ ਦਾ ਨਾਚ ਨਚਾਉਣ ਲੱਗੇ।
ਵਿੱਚੇ ਸ਼ੇਰਾਂ ਦੇ ਆਣ ਕੇ ਰਲ਼ੇ ਗਿੱਦੜ, ਭਲੇ ਲੋਕਾਂ ਦੇ ਘਾਤ ਲਗਾਉਣ ਲੱਗੇ।
ਸੰਨ 'ਠਾਸੀ ਨੂੰ ਸੰਤ ਸ਼ਹੀਦ ਕੀਤੇ, ਭਾਂਡੇ ਪਾਪ ਦੇ ਭਰਨ-ਭਰਾਉਣ ਲੱਗੇ।
'ਵਾਟਾਂ ਵਾਲੀਆ' ਅੱਤ ਦਾ ਰੱਬ ਵੈਰੀ, ਅੱਤਵਾਦੀਏ ਜੜ੍ਹਾਂ ਪੁਟਾਉਣ ਲੱਗੇ।

# ਚਲੋ-ਚਲੀ ਦਾ ਮੇਲਾ

ਜੀਕੂੰ ਸਦਾ ਨਾ ਬੁਲਬੁਲਾਂ ਬੋਲ ਬਾਗੀਂ, ਜੀਕੂੰ ਸਦਾ ਨਾ ਮੌਜ-ਬਹਾਰ ਚੱਲੇ।
ਆਵਾਗਵਣ ਦਾ ਖੇਲ ਮੁਸਾਫਰਾਂ ਦਾ, ਚਲੋ-ਚਲੀ ਦਾ ਕਾਰ-ਵਿਹਾਰ ਚੱਲੇ।
ਚਲੋ-ਚਲੀ ਤੇ ਚਲੇ ਨੇ ਬਲੀ-ਯੋਧੇ, ਰਿਸ਼ੀ-ਮੁਨੀ ਤੇ ਬੜੇ ਅਵਤਾਰ ਚੱਲੇ।
ਚਲੋ-ਚਲੀ ਤੇ ਚਲੇ ਨੇ ਜਤੀ-ਯੋਗੀ, ਰਾਜੇ-ਰਾਣਿਆਂ ਜਿਹੇ ਸਰਕਾਰ ਚੱਲੇ।
ਜਿੱਤਾਂ ਜਿੱਤਕੇ ਰਹੇ ਸੰਸਾਰ-ਜੇਤੂ, ਚਲੋ-ਚਲੀ ਤੋਂ ਉਹ ਵੀ ਨੇ ਹਾਰ ਚੱਲੇ।
ਸਮਾਂ ਕਿਸੇ ਦਾ ਨਾਹੀਂ ਲਿਹਾਜ਼ ਕਰਦਾ, ਚਾਲ ਸਮੇਂ ਦੀ ਭਲੀ-ਪ੍ਰਕਾਰ ਚੱਲੇ।
ਇੱਕ ਸਮੇਂ ਨੂੰ ਸਫ਼ਲਿਆਂ ਕਰੀ ਜਾਂਦੇ, ਇੱਕ ਹੋਰਾਂ ਦੇ ਜਨਮ ਸਵਾਰ ਚੱਲੇ।
ਇੱਕ ਆਵਣਾ-ਜਾਵਣਾ ਹਿਸਾਬ ਬਾਕੀ, ਇੱਕ ਮੇਟਕੇ ਘਰੇ ਕਰਤਾਰ ਚੱਲੇ।
ਇੱਕ ਪਾਪੀਆਂ ਭਰ ਲਈਆਂ ਪਾਪ ਪੰਡਾਂ, ਲੈਕੇ ਬੰਨ੍ਹਕੇ ਨਾਲ਼ ਉਹ ਭਾਰ ਚੱਲੇ।
'ਵਾਟਾਂ ਵਾਲੀਆਂ' ਖੱਟ ਕੇ ਕਾਲਖਾਂ ਨੂੰ, ਕਈ ਕੋਤਰਾਂ ਜਨਮ ਦੁਰਕਾਰ ਚੱਲੇ।

## ਜ਼ੁਲਮ ਦੀ ਅੱਤ

ਚੌਦਾਂ ਜੇਠ ਨੂੰ ਜ਼ੁਲਮ ਨੇ ਅੱਤ ਕੀਤੀ, ਬੇਕਿਰਕਿਆਂ ਸੰਤ ਦਰਵੇਸ਼ ਮਾਰੇ।
ਇੱਕ ਘਰੋਂ ਤਾਂ ਡੈਣ ਵੀ ਮੁੜੇ ਖਾਲੀ, ਇਹ ਤਾਂ ਡੈਣਾਂ ਤੋਂ ਵਧੇ ਮਲੇਸ਼ ਸਾਰੇ।
ਕੋਹੜ ਚੱਲ ਕੇ ਮਰੇ ਚੰਡਾਲ-ਚੌਂਕੜ, ਰੜੇ ਮਰਨ ਸ਼ੈਤਾਨਾਂ ਦੇ ਵੇਸ ਸਾਰੇ।
'ਵਾਟਾਂ ਵਾਲੀਆ' ਨਰਕ ਨੂੰ ਜਾਣ ਸਿੱਧੇ, ਖੜ੍ਹੇ ਜਿਹਨਾਂ ਨੇ ਕੀਤੇ ਕਲੇਸ਼ ਸਾਰੇ।

## ਪੰਜਾਬ ਦਾ ਇਤਿਹਾਸ ਅਤੇ ਹੋਣੀ !

ਕਿੰਨੀ ਵਾਰ ਪੰਜਾਬ ਨੂੰ ਨਜ਼ਰ ਲੱਗੀ, ਕਿੰਨੇ ਵਾਰ ਇਹ ਮਸਲ-ਮਧੋਲ਼ ਦਿੱਤਾ।
ਬੇਸ਼-ਕੀਮਤੀ ਇਹ ਕੋਹਿਨੂਰ ਹੀਰਾ, ਕੱਟ-ਵੱਢ ਕੇ ਘੱਟਿਆਂ ਰੋਲ਼ ਦਿੱਤਾ।
ਕਿੰਨੀ ਵਾਰ ਇਹ ਮੌਤ ਨੇ ਝਪਟ ਮਾਰੀ, ਮੂੰਹ ਆਪਣਾ ਹੋਣੀ ਨੇ ਖੋਹਲ ਦਿੱਤਾ।
ਘੱਲੂ-ਘਾਰਿਆਂ ਸੰਨ ਸੰਤਾਲੀਆਂ ਨੇ, ਕਿੰਨਾ ਖ਼ੂਨ ਪੰਜਾਬ ਦਾ ਡੋਹਲ ਦਿੱਤਾ।
ਖੇਡੀ ਮੌਤ ਨੇ ਸਦਾ ਹੀ ਲੁਕਣ-ਮੀਟੀ, ਕੋਨਾ-ਕੋਨਾ ਪੰਜਾਬ ਦਾ ਫੋਲ਼ ਦਿੱਤਾ।
'ਵਾਟਾਂ ਵਾਲੀਆ' ਮੌਤ ਨੇ ਫੇਰ ਝਾਂਬੇ, ਸਾਨੂੰ ਵਿੱਚ ਚੌਰਾਸੀਆਂ ਰੋਲ਼ ਦਿੱਤਾ।

## ਜਿਸ ਪਿਆਰੇ ਸਿਉ ਨੇਹੁੰ ਤਿਸ ਆਗੇ ਮਰ ਚੱਲੀਏ

ਜੀਅ-ਰੰਗਲੇ ਗੁਰੂ ਗਏ ਛੱਡ ਚੋਲਾ, ਔਖਾ ਹੋ ਗਿਆ ਘੜੀ ਵੀ ਜੀਣ ਯਾਰਾ।
ਮਨ ਵਿਲਕਦਾ-ਤੜਫਦਾ ਬਾਝ ਉਨ੍ਹਾਂ, ਧ੍ਰਿਗ-ਜੀਵਣਾ ਪਾਛਿਓਂ ਥੀਣ ਯਾਰਾ।
ਉੱਡ ਨੀਂਦਰਾਂ ਗਈਆਂ ਪਥਰਾਅ ਅੱਖਾਂ, ਭੁੱਲਾ-ਵਿਸਰਾ ਖਾਣ ਤੇ ਪੀਣ ਯਾਰਾ।
ਰੂਹ ਤੜਫ਼ਦੀ ਕਾਲ਼ਜਾ ਸੱਲਿਆ ਈ, ਦਿਸੇ ਸਾਰਾ ਸੰਸਾਰ ਹੀ ਖੀਣ ਯਾਰਾ।
ਬੜਾ ਆਖੀਏ ਭਾਣੇ ਦੇ ਵਿੱਚ ਰਹਿਣਾ, ਮਨ ਮੰਨੇ ਨਾ ਆਖਿਆ ਰੀਣ ਯਾਰਾ।
ਹੱਥ ਜੋੜ ਕੇ ਅਰਜ਼ ਅਵਤਾਰ ਸਿੰਘਾ, ਬਲ ਬਖ਼ਸ਼ਦੇ ਹੋਏ ਹਾਂ ਹੀਣ ਯਾਰਾ।

## ਸੰਤ ਬਲਬੀਰ ਸਿੰਘ ਜੀ ਦਾ ਗੱਦੀ ਤੇ ਬੈਠਣਾ ਤੇ ਪੱਗ ਦੀ ਰਸਮ

ਸ੍ਰੀ ਮਹੰਤ ਤੇ ਸੰਤ ਸਮਾਜ ਜੁੜ ਗਏ, ਜੁੜੇ ਬਾਬੇ ਨੂੰ ਗੱਦੀ ਬਿਠਾਉਣ ਦੇ ਲਈ।
ਜੁੜੇ ਪੰਚ-ਪੰਚਾਇਤ ਤੇ ਪਿੰਡ ਸਾਰਾ, ਰਸਮ ਪੱਗ ਦੀ ਤਿਲਕ ਲਗਾਉਣ ਦੇ ਲਈ।
ਪਾਇਆ ਪਾਠ ਦਾ ਭੋਗ ਪ੍ਰਪੰਚ ਸਾਧੇ, ਪਾਰਬ੍ਰਹਮ ਤੋਂ ਆਗਿਆ ਪਾਉਣ ਦੇ ਲਈ।



ਪੰਜ ਪਗੜੀਆਂ ਗੁਰੂ ਦੇ ਰੱਖ ਚਰਨੀ, ਜੁੜ ਬੈਠੇ ਆ ਵਹੀ ਲਿਖਾਉਣ ਦੇ ਲਈ।
ਪੰਜ ਪੱਗਾਂ 'ਚੋਂ ਇੱਕ ਮਹੰਤ ਦੇਵੇ, ਦੂਜੀ ਗੱਦੀ-ਨਸ਼ੀਨ ਕਰਵਾਉਣ ਦੇ ਲਈ।
ਤਿੰਨ ਪੱਗਾਂ ਸਮਾਜ ਦੇ ਲੋਕ ਦਿੰਦੇ, ਆਪੋ-ਆਪਣੀ ਰੀਤ ਨਿਭਾਉਣ ਦੇ ਲਈ।
ਉੱਠ ਮਹੰਤ ਨੇ ਪੱਗ ਦੀ ਰਸਮ ਕੀਤੀ, ਕੇਸਰ ਚੁੱਕਿਆ ਮੱਥੇ ਤੇ ਲਾਉਣ ਦੇ ਲਈ।

'ਵਾਟਾਂ ਵਾਲੀਆ' ਕੇਸਰੋਂ ਸੁਰਖ਼ ਟਿੱਕਾ, ਮੱਥਾ ਚਮਕਿਆ ਜੱਗ ਰੁਸ਼ਨਾਉਣ ਦੇ ਲਈ।

## ਸਾਧ ਦੀ ਪਰਿਭਾਸ਼ਾ

ਮਨ ਸਾਧਿਆ ਜਿਹਨਾਂ ਨੇ ਸਾਧ ਹੋ ਗਏ, ਮਨ ਸਾਧਣਾ ਜਿੰਦੜੀਏ ਬੜਾ ਔਖਾ।
ਅਣ-ਦਿਸਦਿਆਂ ਨਾਲ ਪ੍ਰੀਤ ਪਾ ਕੇ, ਸਦ-ਰਾਧਣਾ ਜਿੰਦੜੀਏ ਬੜਾ ਔਖਾ।
ਰਹਿ ਕੇ ਜੱਗ ਦੇ ਵਿੱਚ ਨਿਰਲੇਪ ਰਹਿਣਾ, ਬੜੀ ਬਾਧਣਾ ਜਿੰਦੜੀਏ ਬੜਾ ਔਖਾ।
ਨਾਮ ਬੀਜਣਾ ਸਿਦਕ ਦੇ ਖੇਤ ਜਿੰਦੇ, ਬੀਜ ਵੱਢਕੇ ਲਾਧਣਾ ਬੜਾ ਔਖਾ।

ਔਖਾ ਆਖਣਾ ਭੁਗਤਣਾ ਹੋਰ ਔਖਾ, ਗੱਲ ਖੰਡੇ ਦੀ ਧਾਰ ਤੇ ਤੁਰਨ ਵਾਲੀ।
ਆਪਾ ਮੇਟ ਕੇ ਆਪਣਾ ਆਪ ਆਪੇ, ਪਾਣੀ ਵਿੱਚ ਪਤਾਸੇ ਜਿਉਂ ਖੁਰਨ ਵਾਲੀ।
ਮਨ-ਬੱਧਤਾ ਪਰਬਤਾਂ ਵਾਂਗ ਪੱਕੀ, ਗੱਲ ਮਿੱਟੀ ਦੇ ਵਾਂਗੂ ਨਹੀਂ ਭੁਰਨ ਵਾਲੀ।
'ਵਾਟਾਂ ਵਾਲੀਆਂ' ਕਰੇਂ ਤਾਂ ਫੇਰ ਜਾਣੇ, ਗੱਲ ਐਂਵੇ ਨਹੀਂ ਫੋਰਿਆਂ ਫੁਰਨ ਵਾਲੀ।

ਕਦਮ-ਕਦਮ ਤੇ ਭਟਕਣੇ ਕਦਮ ਤੇਰੇ, ਪੈਰ-ਪੈਰ ਤੇ ਤਿਲਕਦਾ ਪੈਰ ਇਥੇ।
ਜਿੰਦੇ ਚੀਕਣੀ ਵੱਟ ਦੇ ਵਾਂਗ ਪੈਂਡਾ, ਜਿਹੜਾ ਤਿਲਕਿਆ ਉਹਦੀ ਨਾ ਖ਼ੈਰ ਇਥੇ।
ਜਣਾ-ਖਣਾ ਏ ਤੁਰਦਿਆਂ ਨਾਲ ਬੇਲੀ, ਡਿੱਗੇ-ਢੱਠੇ ਲਈ ਸਾਰੇ ਨੇ ਗ਼ੈਰ ਇਥੇ।
ਜੱਗ ਯਾਰ ਬਦਮਾਸ਼-ਲੁਟੇਰਿਆਂ ਦਾ, ਸਾਧਾਂ ਨਾਲ ਕਮਾਂਵਦੇ ਵੈਰ ਇਥੇ।

ਸਿਰਜਣਾਤਮਕ ਮਿਸ਼ਨ ਤੇ ਤੁਰਦਿਆਂ, ਹੀ ਔਖੇ ਪੈਂਡੇ ਵੀ ਸਮਝ ਲੈ ਸਰਲ ਹੋਣੇ।
ਰੋੜੇ ਰਾਹਾਂ ਦੇ ਹਟਣਗੇ ਦੂਰ ਆਪੇ, ਪੱਥਰ-ਖਿੰਗਰ ਵੀ ਪਿਘਲ ਕੇ ਤਰਲ ਹੋਣੇ।
ਚੱਲ ਚੱਲ ਕੇ ਸਿਰਜਣੀ ਪੈਂਡਿਆਂ ਤੇ, ਮੱਤ-ਬੁੱਧੀ-ਵਿਚਾਰ ਵੀ ਖਰਲ ਹੋਣੇ।
'ਵਾਟਾਂ ਵਾਲੀਆ' ਸਿਰਜਣਾ ਵਿੱਚ ਮੰਜ਼ਿਲ, ਰਾਹੀ ਭਟਕਕੇ ਨਹੀਓਂ ਅਰਲ-ਬਰਲ ਹੋਣੇ।

## ਅਮਲ ਦੇ ਬੀਜ਼

ਗੂੜ੍ਹ-ਗਿਆਨ ਦਾ ਸਮਝਿਆ ਸਾਰ ਬਾਬੇ , ਜਾਣ ਲਿਆ ਸੀ ਅਸਲ ਨਿਚੋੜ ਸਾਰਾ।
ਬੇੜੀ ਅਮਲ ਤੋਂ ਬਿਨਾਂ ਨਹੀਂ ਪਾਰ ਹੋਣੀ, ਲੱਖ ਕੀਜੀਏ ਓਹੜ ਤੇ ਪੋਹੜ ਸਾਰਾ।

ਲੱਖ ਬੈਠ ਕੇ ਪੂਜੀਏ ਵੇਦ-ਪੋਥੀ, ਲੱਖ ਘੋਟੀਏ ਗਿਆਨ ਘਰੋੜ ਸਾਰਾ।
ਲੱਖ ਬੈਠ ਕੇ ਫ਼ਲਸਫ਼ੇ ਛਾਣ ਲਈਏ, ਲੱਖ ਵਾਚੀਏ ਇਲਮ ਕਰੋੜ ਸਾਰਾ।

ਵਿੱਚ ਪੁਸਤਕਾਂ-ਪੋਥੀਆਂ ਗੱਲ ਇੱਕੋ, ਇੱਕੋ ਸਾਰ ਹੈ ਫਲਸਫ਼ੇ ਸਾਰਿਆਂ ਦਾ।
ਜਦੋਂ ਤੀਕ ਨਹੀਂ ਇਲਮ ਤੇ ਅਮਲ ਹੁੰਦਾ, ਹੁੰਦਾ ਹੱਲ ਨਹੀਂ ਕਦੇ ਖਿਲਾਰਿਆਂ ਦਾ।
ਦਿਸ਼ਾ ਇਲਮ ਤੋਂ ਅਮਲ ਤੋਂ ਮਿਲੇ ਮੰਜ਼ਿਲ, ਇਹੋ ਹੁਕਮ ਹੈ ਰੱਬੀ ਵਣਜਾਰਿਆਂ ਦਾ।
'ਵਾਟਾਂ ਵਾਲੀਆ' ਅਮਲ ਦੇ ਬੀਜ਼ ਬੀਜੀਂ, ਇੱਕੋ ਹੱਲ ਹੈ ਪਾਰ-ਉਤਾਰਿਆਂ ਦਾ।

ਭਾਵੇਂ ਕੋਈ ਵੀ ਹੋਵੇ ਵਿਚਾਰਧਾਰਾ, ਅਮਲਾਂ ਬਾਝ ਨਾ ਕਦੇ ਵੀ ਆਏ ਕ੍ਰਾਂਤੀ।
ਬੀਜ ਕ੍ਰਾਂਤੀ ਦਾ ਫੁੱਟਦਾ ਅਮਲ ਵਿੱਚੋਂ, ਕਈਆਂ ਕੀਮਤਾਂ ਉੱਤੇ ਲਹਿਰਾਏ ਕ੍ਰਾਂਤੀ।
ਸਿਰੜ ਸਾਧਨਾ ਅਤੇ ਬਲੀਦਾਨ ਗੋਡੀ, ਸਿੰਜੀ ਖ਼ੂਨ ਦੇ ਨਾਲ ਹੀ ਜਾਏ ਕ੍ਰਾਂਤੀ।
ਮੁੱਲ ਏਸਦਾ ਤਾਰਨਾ ਪਏ ਵੱਡਾ, ਭਾਅ ਕੌਡੀਆਂ ਕਦੇ ਨਾ ਥਿਆਏ ਕ੍ਰਾਂਤੀ।

ਹੀਲੇ ਬਿਨਾਂ ਨਹੀਂ ਬਦਲਨੇ ਗੇੜ ਪੁੱਠੇ, ਬੇਗਮਪੁਰਾ ਨਹੀਂ ਹੀਲਿਆਂ ਬਾਝ ਹੋਣਾ।
ਹੀਲੇ ਬਿਨਾਂ ਨਹੀਂ ਬਦਲਨਾ ਹੋਣੀਆਂ ਨੇ, ਹੀਲੇ ਬਿਨਾ ਨਹੀਂ ਲੋਕਾਂ ਦਾ ਰਾਜ ਹੋਣਾ।
ਹੀਲੇ ਬਿਨਾਂ ਨਹੀਂ ਨਰਕ ਤੋਂ ਸੁਰਗ ਹੋਣੇ, ਹੀਲੇ ਬਿਨਾ ਨਹੀਂ ਦੁੱਕੀ ਦਾ ਕਾਜ ਹੋਣਾ।
'ਵਾਟਾਂ ਵਾਲੀਆ' ਹੀਲਿਓਂ ਸੱਚ ਸੁਫਨੇ, ਝੁੱਗਾ ਕੱਖਾਂ ਦਾ ਕੁੱਲੀ ਤੋਂ ਤਾਜ ਹੋਣਾ।

## ਗੱਦੀ ਤੇ ਬੈਠਦੇ ਹੀ ਲੋਕ ਲਹਿਰ ਸ਼ੁਰੂ ਕਰਨੀ

ਸੀਚੇਵਾਲ ਜੀ ਗੱਦੀ ਤੇ ਬੈਠਦੇ ਹੀ, ਨਾਮ ਬਾਣੀਆਂ ਜਾਪ ਜਪਾਂਵਦੇ ਨੇ।
ਭੈਣ-ਭਾਈ ਤੇ ਬੀਬੀਆਂ ਨਾਲ਼ ਲੈਕੇ, ਟੁੱਟੇ ਮਾਰਗਾਂ ਤਾਈਂ ਬਣਾਂਵਦੇ ਨੇ।
ਜਿਹਨਾਂ ਰਾਹਾਂ ਦੇ ਮਿਟੇ ਸੀ ਮੂਲ-ਮੁੱਦੇ, ਉਨ੍ਹਾਂ ਰਾਹਾਂ ਨੂੰ ਫੇਰ ਰੁਸ਼ਨਾਂਵਦੇ ਨੇ।
ਔਖੇ ਛੇੜਨੇ ਜੱਟ ਤੇ ਵੱਟ ਦੋਵੇਂ, ਇਹ ਤਾਂ ਦੋਹਾਂ ਨੂੰ ਛੇੜਦੇ ਜਾਂਵਦੇ ਨੇ।

ਇਹਨੇ ਜਾਪਦਾ ਕੀਲ ਲਏ ਜਿਵੇਂ ਲੋਕੀਂ, ਜਾਂ ਉਹ ਆਪ ਹੀ ਕੀਲ ਵਿੱਚ ਆਈ ਜਾਂਦੇ।
ਅੜੀ-ਖ਼ੋਰ ਵੀ ਬਾਬੇ ਦੇ ਨਾਲ ਹੋ ਕੇ, ਠੱਡੇ-ਬੁਰਜੀਆਂ ਆਪ ਲਗਾਈ ਜਾਂਦੇ।

ਹੌਲ਼ੀ-ਹੌਲ਼ੀ ਇਹ ਕਾਫ਼ਲਾ ਵੱਧਣ ਲੱਗਾ, ਟੋਏ ਮੇਟਕੇ ਟਿੱਬੀਆਂ ਢਾਈ ਜਾਂਦੇ।
ਵਾਂਗ ਪਾਰਸਾਂ ਪਾਂਵਦੇ ਛੋਹ ਜਿੱਥੇ, ਉਨ੍ਹਾਂ ਰਾਹਾਂ ਦੀ ਦਸ਼ਾ ਬਦਲਾਈ ਜਾਂਦੇ।

ਦੂਰੋਂ-ਨੇੜਿਓਂ ਲੋਕ ਵੀ ਰਲ਼ੇ ਆਕੇ, ਲੋਕ-ਲਹਿਰ ਦਾ ਜਾਣੋ ਆਗਾਜ਼ ਹੋਇਆ।
ਵਿਹਲੇ-ਵਿਹਲੜਾਂ ਬਾਬੇ ਦੇ ਫੜੇ ਪੱਲੇ, ਮਾੜਾ-ਝੀੜਾ ਵੀ ਚਿੜੀ ਤੋਂ ਬਾਜ ਹੋਇਆ।
ਸੇਵਾ ਰਾਹਾਂ ਦੀ ਹੋਈ ਪ੍ਰਸਿੱਧ ਪੂਰੀ, ਦੂਰ-ਦੂਰ ਮਸ਼ਹੂਰ ਇਹ ਕਾਜ ਹੋਇਆ।
'ਵਾਟਾਂ ਵਾਲੀਆ' ਸੁਣੇ ਪ੍ਰਦੇਸ਼ ਬੈਠਾ, ਸੜਕਾਂ ਵਾਲੇ ਇਹ ਬਾਬੇ ਤੇ ਨਾਜ਼ ਹੋਇਆ।





## ਵੇਈਂ ਦਾ ਮੁੜ ਸੁਰਜੀਤ ਹੋਣਾ

ਵਾਹਵਾ ਵਗੀ ਏ ਵੇਈਂ ਦੀ ਧਾਰ ਵਾਹਵਾ, ਨਾਲ਼ੇ ਤੱਕਾਂ ਤੇ ਨਾਲ਼ੇ ਬਲਿਹਾਰ ਜਾਵਾਂ।
ਅਕੱਥ-ਕਥਾ ਨੂੰ ਕਰਾਂ ਮੈਂ ਕਥਨ ਕਿੱਦਾਂ, ਕਿਹੜੇ ਅੱਖਰੀਂ ਸ਼ੁਕਰ-ਗੁਜ਼ਾਰ ਜਾਵਾਂ।
ਬੁੱਕੋ-ਬੁੱਕ ਮੈਂ ਏਸਦਾ ਨੀਰ ਪੀਵਾਂ, ਅੱਗ ਯੁੱਗਾਂ ਦੀ ਸੀਨਿਓਂ ਠਾਰ ਜਾਵਾਂ।
ਜਾਵਾਂ ਆਰ ਭਾਵੇਂ! ਜਾਵਾਂ ਪਾਰ ਭਾਵੇਂ! ਇਹਦੇ ਕੰਢਿਓਂ ਪਾਰਲੇ-ਪਾਰ ਜਾਵਾਂ।
ਜਿੱਥੇ ਗਿਆ ਸੀ ਇਹਦੇ 'ਚੋਂ ਗੁਰੂ ਨਾਨਕ, 'ਵਾਟਾਂ ਵਾਲੀਆ' ਉਸੇ ਸੰਸਾਰ ਜਾਵਾਂ।
ਵਾਰੇ ਵੇਈਂ ਤੋਂ ਵਾਰਨੇ ਬਾਬਿਆਂ ਤੋਂ, ਹਉ ਵਾਰੀ ਹਉ ਵਾਰਨੇ ਵਾਰ ਜਾਵਾਂ।

## ਸੁਲਤਾਨਪੁਰ ਦਾ ਇਤਿਹਾਸ ਅਤੇ
## ਸ੍ਰੀ ਗੁਰੂ ਨਾਨਕ ਸਾਹਿਬ ਦਾ ਵੇਈਂ ਵਿੱਚ ਚੁੱਭੀ ਲਾਉਣਾ

ਸੁਲਤਾਨਪੁਰੇ ਦੀ ਸਿਫ਼ਤ ਦੀ ਗੱਲ ਆਖਾਂ, ਬੜਾ ਕੀਮਤੀ ਇਹਦਾ ਇਤਿਹਾਸ ਦਿਸੇ।
ਇਹੋ ਬੋਧੀਆਂ, ਤੁਰਕ, ਮੁਗ਼ਲਾਣਿਆਂ ਲਈ, ਕਦੇ ਹਿੰਦੂਆਂ-ਸਿੱਖਾਂ ਲਈ ਖ਼ਾਸ ਦਿਸੇ।

ਕਿੰਨੇ ਆਏ ਨੇ ਇਹਨੂੰ ਵਰਸਾਉਣ ਵਾਲੇ, ਕੀਤਾ ਕਿੰਨਿਆਂ ਏਸਨੂੰ ਨਾਸ ਦਿਸੇ।
ਕਦੇ ਦਿੱਲੀ ਦੇ ਤਖ਼ਤ ਤੇ ਬੈਠਦਾ ਇਹ, ਕਦੇ ਦਿੱਲੀ ਦੇ ਦਾਸਾਂ ਦਾ ਦਾਸ ਦਿਸੇ।

ਇਹਦੀ ਧਰਤ ਤੇ ਇੱਕ ਫ਼ਕੀਰ ਆਇਆ, ਜੋਤ ਓਸ ਓਅੰਕਾਰ ਦੀ ਆਪ ਓਹੋ।
ਵੇਈਂ ਕੰਢੇ ਤੇ ਬੈਠ ਉਹ ਲੀਨ ਹੋਵੇ, ਜਪੇ ਓਸ ਅਕਾਲ ਦਾ ਜਾਪ ਓਹੋ।
ਵੇਈਂ ਨਾਲ਼ ਸੀ ਓਸ ਦੀ ਗੱਲ ਗਹਿਰੀ, ਗਹਿਰਾ ਵੇਈਂ ਨੂੰ ਗਿਆ ਸੀ ਨਾਪ ਓਹੋ।
ਤਿੰਨਾ ਦਿਨਾਂ ਲਈ ਹੋਇਆ ਅਲੋਪ ਕਿੱਥੇ, ਬੱਸ ਵੇਈਂ ਹੀ ਜਾਣੇ ਮਿਲਾਪ ਓਹੋ।

ਹੋਰ ਕਿਸੇ ਨੇ ਕੁਝ ਵੀ ਦੇਖਿਆ ਨਾ, ਬਾਹਰ ਡਿੱਠਾ ਤਾਂ ਇੱਕ ਓਅੰਕਾਰ ਸੁਣਿਆ।
ਕੋਈ ਹਿੰਦੂ ਨਾ ਮੁਸਲ-ਈਮਾਨ ਏਥੇ, ਰਚਣਹਾਰ ਉਹ ਇੱਕ ਨਿਰੰਕਾਰ ਸੁਣਿਆ।
ਸਭੇ ਜੀਆਂ ਦੇ ਵਿੱਚ ਵੀ ਵਸੇ ਉਹੋ, ਕੁਦਰਤ ਵਿੱਚ ਵੀ ਵਸੇ ਬਲਿਹਾਰ ਸੁਣਿਆ।
ਸੁਣੇ ਜਗਤ ਨੇ ਓਸ ਦੇ ਬੋਲ ਪਿਛੋਂ, ਪਹਿਲਾਂ ਵੇਈਂ ਨੇ ਨਾਨਕ ਅਵਤਾਰ ਸੁਣਿਆ।




ਓਸ ਵੇਲੇ ਤਾਂ ਵੇਈਂ ਦੇ ਭਾਗ ਜਾਗੇ, ਵੇਈਂ ਚੜ੍ਹੀ ਇਤਿਹਾਸ ਦੇ ਪੰਨਿਆਂ 'ਤੇ।
ਸਮਾਂ ਆ ਗਿਆ ਯੁੱਗ-ਉਦਯੋਗਿਕਾਂ ਦਾ, ਵੇਈਂ ਹੋਈ ਮੁਥਾਜ ਸੀ ਅੰਨ੍ਹਿਆਂ 'ਤੇ।
ਵਹਿਣ ਪਾਣੀ ਦਾ ਰੋਕਿਆ ਗੰਦਗੀ ਨੇ, ਮੱਲ ਮਾਰ ਲਈ ਲੋਕਾਂ ਨੇ ਬੰਨਿਆਂ 'ਤੇ।
'ਵਾਟਾਂ ਵਾਲੀਆ' ਫੇਰ ਇਤਿਹਾਸ ਬਣਿਆ, ਸੀਚੇਵਾਲ ਦੇ ਮੋਢਿਆਂ-ਕੰਨ੍ਹਿਆਂ 'ਤੇ।









## ਇਤਿਹਾਸਕ ਝਰੋਖਾ

ਗੱਲ ਵਿੱਚ ਇਤਿਹਾਸ ਦੇ ਦਰਜ ਸਾਰੀ, ਕਾਰ-ਸੇਵਾ ਦੇ ਅਜਬ ਨਜ਼ਾਰਿਆਂ ਦੀ।
ਸੱਚਾ ਰੱਬ ਵੀ ਵੇਖ ਕੁਰਬਾਨ ਜਾਵੇ, ਸੇਵਾ-ਸਾਧਨਾ ਗੁਰੂ ਦੇ ਪਿਆਰਿਆਂ ਦੀ।

ਮੂੰਹੋਂ ਬੋਲਦੀ ਵੇਈਂ ਦੀ ਰੂਪ-ਰੇਖਾ, ਵਲ ਖਾਂਦਿਆਂ ਝੋਲ-ਕਿਨਾਰਿਆਂ ਦੀ।
ਹਾਲ ਵੇਈਂ ਦਾ ਬੋਲ ਇਤਿਹਾਸ ਦੱਸੇ , ਗੰਦ-ਵਹਿਣ ਤੇ ਨਰਕ ਜਹੇ ਗਾਰਿਆਂ ਦੀ।
ਘਾਟ-ਘਾੜਤਾਂ ਡੂੰਘੀਆਂ ਚਿਣਤੀਆਂ ਦੀ, ਗੱਲ ਵੱਖਰੀ ਪੱਥਰਾਂ ਭਾਰਿਆਂ ਦੀ।
ਗੱਲ ਦਰਜ ਇਤਿਹਾਸ ਦੀ ਹਿੱਕ ਉੱਤੇ , ਭੁੱਲੇ ਦੋਖੀਆਂ ਅਤੇ ਵਿਚਾਰਿਆਂ ਦੀ।
ਗੱਲ ਮਿੱਠਿਆਂ-ਮਿੱਸਿਆਂ ਵਾਕਿਆਂ ਦੀ, ਗੱਲ ਕੌੜਿਆਂ ਅਤੇ ਕਰਾਰਿਆਂ ਦੀ।
ਗੱਲ-ਗੱਲ ਹੀ ਸਦਾ ਇਤਿਹਾਸ ਗਾਵੇ , 'ਵਾਟਾਂ ਵਾਲੀਆਂ' ਜਿੱਤਿਆਂ ਹਾਰਿਆਂ ਦੀ।

## ਸਮੇ ਦਾ ਪ੍ਰਸ਼ਾਸਨਿਕ ਪ੍ਰਬੰਧ

ਗੱਲ ਕਰਾਂ ਪ੍ਰਸ਼ਾਸ਼ਨੀ ਕਾਰਜਾਂ ਦੀ, ਭੱਠਾ ਬੈਠਿਆ ਚਾਰ-ਚੁਫੇਰ ਯਾਰੋ।
ਆਮ ਆਦਮੀ ਪਿਸ ਗਿਆ ਘੁਣੇ ਵਾਂਗੂੰ, ਦਿਨੇ ਵਰਤਦਾ ਪਿਆ ਹਨੇਰ ਯਾਰੋ।
ਵੱਢੀਖੋਰ ਸਿਫ਼ਾਰਸ਼ੀ ਬਣੇ ਬਿੱਲੇ, ਆਦਮਖ਼ੋਰ-ਬਘਿਆੜ ਤੇ ਸ਼ੇਰ ਯਾਰੋ।
ਭਲੇ ਆਦਮੀ ਗਊ-ਗਰੀਬੜੇ ਨੂੰ, ਜਿਥੇ ਚਾਂਹਵਦੇ, ਖਾਂਵਦੇ ਘੇਰ ਯਾਰੋ।


ਥੜ੍ਹੇ ਜਿਹਨਾਂ ਨੂੰ ਚਾੜ੍ਹਿਆ ਰਾਖੀਆਂ ਲਈ, ਉਹੀ ਲੁੱਟ ਕੇ ਦੇਸ਼ ਨੂੰ ਖਾਂਵਦੇ ਨੇ।
ਖੜ੍ਹੇ ਝੂਠ ਦੇ ਕਰਨ ਅੰਬਾਰ ਵੱਡੇ, ਐਵੇਂ ਅੰਬਰੀਂ ਟਾਕੀਆਂ ਲਾਂਵਦੇ ਨੇ।
ਸੱਪ ਗਏ ਤੋਂ ਕੁੱਟਦੇ ਲੀਕ ਪਿੱਛੋਂ, ਪਿੱਛੋਂ ਵੱਲੜੀ ਬੀਨ ਵਜਾਂਵਦੇ ਨੇ।
ਸਿੱਧੀ ਉਂਗਲੀ ਘਿਓ ਤੋਂ ਰਹੇ ਵਾਂਝੀ, ਟੇਡੀ ਵਾਲੜੇ ਗੱਫ਼ੇ ਲਗਾਂਵਦੇ ਨੇ।



ਹੱਦ ਟੱਪ ਗਈ ਨ੍ਹੇਰ ਤੇ ਗ਼ੁਰਬਤਾਂ ਦੀ, ਗੱਲ ਕੋਈ ਵੀ ਰਹੀ ਨਾ ਕਹਿਣ ਵਾਲ਼ੀ।
ਹਵਾ ਰਹੀ ਨਾ ਊਰਜਾ ਦੇਣ ਵਾਲ਼ੀ, ਧਾਰਾ ਰਹੀ ਨਾ ਨਿਰਮਲੇ ਵਹਿਣ ਵਾਲ਼ੀ।
ਧਾਰੇ ਰੂਪ ਵਿਕਰਾਲ ਪ੍ਰਦੂਸ਼ਣਾਂ ਨੇ, ਦਿੱਖ ਧਾਰ ਲਈ ਰੋਗਾਂ ਨੇ ਡੈਣ ਵਾਲ਼ੀ।
ਭਰੇ ਸਬਰ ਪਿਆਲੜੇ ਛਲਕ ਉਠੇ, ਵੱਤ ਲੰਘ ਗਈ ਜੇਰਿਓਂ ਸਹਿਣ ਵਾਲ਼ੀ।

ਧਰੇ ਰਹੇ ਸੰਵਿਧਾਨ ਕਿਤਾਬ ਅੰਦਰ, ਇਨ੍ਹਾਂ ਵੱਖਰੇ ਘੜੇ ਸੰਵਿਧਾਨ ਯਾਰੋ।
ਜਿਹੜੇ ਹੱਕ ਸੀ ਕੁਦਰਤੀ ਆਦਮੀ ਦੇ, ਉਹ ਵੀ ਚੜ੍ਹੇ ਨਾ ਏਥੇ ਪ੍ਰਵਾਨ ਯਾਰੋ।
ਪੰਜ-ਆਬਾਂ ਦੀ ਧਰਤ ਤੇ ਵਿਕੇ ਪਾਣੀ, ਕਦੇ ਹੁੰਦਾ ਸੀ ਪਾਣੀ ਭਗਵਾਨ ਯਾਰੋ।
'ਵਾਟਾਂ ਵਾਲੀਆ' ਪੈ ਗਿਆ ਬੜਾ ਮਹਿੰਗਾ, ਨਵੇਂ ਯੁੱਗ ਦਾ ਨਵਾਂ ਵਿਗਿਆਨ ਯਾਰੋ।

ਨਵੇਂ ਯੁੱਗ ਵਿਗਿਆਨ ਦੇ ਦੌਰ ਅੰਦਰ, ਜਾਪੇ, ਫੇਰ ਪੰਜਾਬ ਵਿੱਚ ਆਈ ਹੋਣੀ।
ਘਰੋਂ ਕੱਢਕੇ ਮਾਰਦੀ ਚੋਬਰਾਂ ਨੂੰ, ਜਾਂਦੀ ਕਿਵੇਂ ਪੰਜਾਬ ਨੂੰ ਖਾਈ ਹੋਣੀ।
ਜੀਅ-ਜੰਤ ਪ੍ਰਕਿਰਤ ਨੂੰ ਬਖਸ਼ਦੀ ਨਾਂ, ਚੱਪੇ-ਚੱਪੇ ਤੇ ਕਰੇ ਤਬਾਹੀ ਹੋਣੀ।



ਆਦਿ ਕਾਲ ਤੋਂ ਨਾਲ ਪੰਜਾਬੀਆਂ ਦੇ, ਯੁੱਗਾਂ-ਯੁੱਗਾਂ ਤੋਂ ਕਰੇ ਲੜਾਈ ਹੋਣੀ।

ਏਸ ਹੋਣੀ ਨੇ ਨਿਗਲ ਪੰਜਾਬ ਖਾਧਾ, ਢਿੱਡ ਏਸ ਦਾ ਫੇਰ ਵੀ ਰੱਜਿਆ ਨਾ।
ਕੈਮੀਕਲਾਂ ਦਾ ਧਾਰਕੇ ਰੂਪ ਆ ਗਈ, ਗਿਆ ਕਿਸੇ ਤੋਂ ਦੌੜਿਆ ਭੱਜਿਆ ਨਾ।
ਜ਼ਰੇ -ਜ਼ਰੇ ਛਿੜਕਿਆ ਜ਼ਹਿਰ ਇਹਨੇ ਆਈ ਏਸ ਨਿਲੱਜ ਨੂੰ ਲੱਜਿਆ ਨਾ।

ਮੱਤ ਮਾਰਤੀ ਖੌਰੇ ਪੰਜਾਬੀਆਂ ਦੀ, ਅੰਨ ਪਾਣੀ ਵੀ ਜਿਨ੍ਹਾਂ ਨੇ ਕੱਜਿਆਂ ਨਾ।
ਏਸ ਹੋਣੀ ਨੇ ਹੱਦ ਤੋਂ ਵੱਧ ਕੀਤੀ, ਵਾਰ -ਵਾਰ ਪਰਤਾਇਆ ਪੰਜਾਬੀਆਂ ਨੂੰ।
ਬਿਨਾਂ ਵਜਾ ਤੋਂ ਪਰਖਿਆ ਰਣਾ ਅੰਦਰ, ਤੇਗਾਂ ਉੱਤੇ ਤੁਰਵਾਇਆ ਪੰਜਾਬੀਆਂ ਨੂੰ।
ਤੋਪਾਂ ਗੋਲਿਆਂ ਨਾਲ ਉਡਾਏ ਤੂੰਬੇ, ਚਰਖੀ ਉੱਤੇ ਝੜਵਾਇਆ ਪੰਜਾਬੀਆਂ ਨੂੰ।
'ਵਾਟਾਂ ਵਾਲੀਆ' ਇਹਨਾਂ ਦੀ ਧੰਨ ਮਿੱਟੀ, ਜਿਹੜੀ ਮਿੱਟੀ ਨੇ ਜਾਇਆ ਪੰਜਾਬੀਆਂ ਨੂੰ।

## ਮਾਰੂ ਰੋਗ ਅਤੇ ਸਿਹਤਾਂ

ਮਾਰੂ ਰੋਗਾਂ ਦੇ ਹੋਏ ਸ਼ਿਕਾਰ ਲੋਕੀਂ, ਸੁੱਖ-ਚੈਨ ਤੇ ਲੁੱਟੀਆਂ ਨਾਲ਼ ਸਿਹਤਾਂ।





ਵਾਤਾਵਰਣ ਦੀ ਸਾਫ਼ ਅਣਹੋਂਦ ਬਾਝੋਂ, ਨਿੱਤ ਹੁੰਦੀਆਂ ਜਾਣ ਕੰਗਾਲ ਸਿਹਤਾਂ।
ਨਿੱਤ ਨਵੇਂ ਹੀ ਰੋਗਾਂ ਦਾ ਪਤਾ ਲੱਗੇ, ਨਿੱਤ ਨਵੇਂ ਹੀ ਫਸਦੀਆਂ ਜਾਲ਼ ਸਿਹਤਾਂ।
ਬੰਦ-ਬੰਦ ਵੀ ਕੱਟ ਜੋ ਹਾਰੀਆਂ ਨਾ, ਅੱਜ ਹੋਈਆਂ ਉਹ ਹਾਲ-ਬੇਹਾਲ ਸਿਹਤਾਂ।

ਭਰੇ ਪੀੜਤਾਂ ਨਾਲ਼ ਇਲਾਜ-ਖ਼ਾਨੇ, ਜਾਪੇ ਖ਼ਲਕ ਹੀ ਜਿਵੇਂ ਬਿਮਾਰ ਹੋਈ।
ਭੈੜੇ ਰੋਗ ਵੀ ਲਾ-ਇਲਾਜ ਹੋ ਗਏ, ਸੁੱਧ-ਬੁੱਧ ਵੀ ਦਿਸੇ ਬਿਮਾਰ ਹੋਈ।
ਤੰਦਰੁਸਤੀਆਂ ਅਨਿਕ ਨਿਆਮਤਾਂ ਨੇ, ਗੱਲ ਜਾਪਦੀ ਖ਼ਾਨਿਓਂ ਬਾਹਰ ਹੋਈ।
'ਵਾਟਾਂ ਵਾਲੀਆ' ਵਿਗੜਿਆ ਫਿਰੇ ਤਾਣਾ, ਇਕੋ ਪਾਸੇ ਨੂੰ ਖ਼ਲਕ ਉਲਾਰ ਹੋਈ।

## ਭੋਗਵਾਦੀ ਸੋਚ ਦੇ ਪੈਰੋਕਾਰ ਅਤੇ ਦੇਸ਼ ਤੇ ਹਾਲਾਤ

ਹਾਲ ਵੇਈਂ ਦਾ ਹੋ ਗਿਆ ਬਹੁਤ ਮਾੜਾ, ਆਇਆ ਤਰਸ ਨਾ ਕਿਸੇ ਨੂੰ ਏਸ ਉੱਤੇ।
ਭੋਗਵਾਦ ਦੇ ਰਾਹ ਸੰਸਾਰ ਤੁਰਿਆ, ਤੁਰੇ ਧਰਮ ਪਾਖ਼ੰਡ ਦੇ ਵੇਸ ਉੱਤੇ।
ਠੱਗੀ-ਚੋਰੀ-ਅਪਰਾਧ ਦਾ ਬੋਲ-ਬਾਲਾ, ਭ੍ਰਿਸ਼ਟਾਚਾਰ ਦੀ ਜਕੜ ਸੀ ਦੇਸ਼ ਉੱਤੇ।
'ਵਾਟਾਂ ਵਾਲੀਆ' ਸੁਣੇ ਫ਼ਰਿਆਦ ਕਿਹੜਾ, ਅੰਨ੍ਹੀ ਪੀਸਦੀ ਚੱਟਦੇ ਖ਼ੇਸ਼ ਕੁੱਤੇ।

ਨਿੱਜਵਾਦ ਦੀ ਕੋਠੜੀ ਬੈਠ ਬੰਦੇ, ਭੁੱਲ ਚੁੱਕੇ ਨੇ ਫ਼ਲਸਫ਼ਾ ਸਰਬ-ਸਾਂਝਾ।
ਕਿਤੇ ਅਸਲ ਅਸੂਲ ਆਦਰਸ਼ ਨਾਹੀਂ, ਮੱਤ-ਬੁੱਧ ਤੇ ਫਿਰ ਗਿਆ ਜਿਵੇਂ ਮਾਂਜਾ।
ਹੱਕ-ਸੱਚ-ਸੰਤੋਖ ਨਾ ਰਿਹਾ ਪੱਲੇ, ਜਣਾ-ਖਣਾ ਵਿਵੇਕ ਤੋਂ ਫਿਰੇ ਵਾਂਝਾ।
ਸੰਨ੍ਹ ਮਾਰਕੇ ਘਰਾਂ ਨੂੰ ਚੋਰ ਲੱਗੇ, ਰਾਖਾ ਘਰਾਂ ਦਾ ਸੌਂ ਗਿਆ ਖਿੱਚ ਗਾਂਜਾ।

ਨਿੱਜ-ਵਾਦ ਹੀ ਰਿਹਾ ਜੇ ਇੰਝ ਭਾਰੂ, ਨਹੀਓਂ ਸਿਰਜਿਆ ਜਾਣਾ ਸੰਸਾਰ ਸੋਹਣਾ।
ਆਪੋ-ਧਾਪ ਦੇ ਏਸ ਘਮਸਾਣ ਅੰਦਰ, ਕਿੱਦਾਂ ਖਿੜੇਗਾ ਕਦੇ ਗ਼ੁਲਜ਼ਾਰ ਸੋਹਣਾ।
ਸੋਏ ਬੀਜ ਕੇ ਕਦੇ ਨਹੀਂ ਸੌਂਫ ਹੋਣੀ, ਖਿੜੇ ਕੀਕਰੋਂ ਕਦੋਂ ਕਚਨਾਰ ਸੋਹਣਾ?
'ਵਾਟਾਂ ਵਾਲੀਆ' ਕੱਲਰੀ ਖੇਤ ਵਿੱਚੋਂ, ਨਹੀਓਂ ਮੌਲਣਾ ਕਦੇ ਕਿਰਦਾਰ ਸੋਹਣਾ।

## ਵੇਈਂ ਦੇ ਹਾਲਾਤ ਵੇਖਕੇ ਬੁੱਧੀਜੀਵੀਆਂ ਦਾ ਫਿਕਰਮੰਦ ਹੋਣਾ

ਜਿੱਥੇ ਪੀਰਾਂ ਦੇ ਪੀਰ ਨੇ ਲਾਈ ਟੁੱਭੀ, ਓਸ ਵੇਈਂ ਦੇ ਹੋਏ ਸੀ ਹਾਲ ਮੰਦੇ।
ਬੁੱਧੀਜੀਵੀ ਪੰਜਾਬ ਦੇ ਪਏ ਸੋਚੀਂ, ਸੋਚੀਂ ਪਏ ਨੇ ਭਲੇ ਤੇ ਨੇਕ ਬੰਦੇ।
ਮੱਥਾ ਲਾਵੇ ਪਹਾੜ ਨਾਲ਼ ਕੌਣ ਆਕੇ? ਕੌਣ ਆਪ ਹੀ ਆਣ ਕੇ ਫਸੇ ਫੰਦੇ?

ਘੋੜੇ ਸੋਚਾਂ ਦੇ ਦੌੜ ਕੇ ਹਾਰ ਥੱਕੇ, 'ਵਾਟਾਂ ਵਾਲੀਆ' ਹੋਣ ਨਾ ਹੱਲ ਧੰਦੇ।

## ਵੇਈਂ ਬਾਰੇ ਪੰਜਾਬੀ ਸੱਥ ਅਤੇ ਧਰਤ ਸੁਹਾਵੀ ਵਲੋਂ ਬੈਠਕ

ਧਰਤ ਸੁਹਾਵੀ ਤੇ ਸੱਥ ਨੇ ਕਰੀ ਬੈਠਕ, ਦੂਰ-ਦੂਰ ਤੋਂ ਬੁੱਧੀਮਾਨ ਪਹੁੰਚੇ।
ਡਾਕਟਰ ਲਾਂਬੜਾ, ਭੌਰਾ, ਇਨਸਾਫ਼ ਜਿਹੇ, ਮੈਂਬਰ ਸਭਾ ਦੇ ਸਾਰੇ ਵਿਦਵਾਨ ਪਹੁੰਚੇ।
ਜਵੱਦੀ ਕਲਾਂ, ਬਸੀਰ ਦੇ ਸੰਤ-ਸਾਧੂ, ਵਿੱਚ ਸੰਗਤ ਦੇ ਸੁਘੜ-ਸੁਜਾਨ ਪਹੁੰਚੇ।



ਕਈ ਗੱਲਾਂ ਦੀ ਖ਼ੀਰ ਬਣਾਉਣ ਵਾਲੇ, ਵਿਰਵੇ ਅਮਲ ਤੋਂ ਉਹ ਵੀ ਇਨਸਾਨ ਪਹੁੰਚੇ।
ਇਸੇ ਬੈਠਕ ਵਿੱਚ ਨਾਲ਼ ਇਤਫ਼ਾਕ ਦੇ ਜੀ, ਯੁੱਗ-ਪੁਰਸ਼ ਸੱਚੇ ਸ੍ਰੀਮਾਨ ਪਹੁੰਚੇ।
'ਵਾਟਾਂ ਵਾਲੀਆ' ਅਮਲ ਵਿਹੂਣਿਆਂ ਨੂੰ, ਹੱਥੀਂ ਕਰਨ ਦੀ ਜਾਚ ਸਿਖਾਣ ਪਹੁੰਚੇ।

## ਬੈਠਕ ਵਿੱਚ ਮਤਾ ਪਾਸ ਹੋਣਾ

ਮਤਾ ਪਾਸ ਹੋਇਆ ਉੱਚੇ ਵਫ਼ਦ ਅੰਦਰ, ਪਾਕ ਪਾਣੀ ਨੂੰ ਪਾਕ ਬਣਾਉਣ ਖ਼ਾਤਿਰ।
ਸਾਂਝੀ ਵਾਲਤਾ ਜਿਥੋਂ ਉਪਦੇਸ਼ ਮਿਲਿਆ, ਸਰਬ-ਸਹਿਮਤੀ ਉਹਨੂੰ ਬਚਾਉਣ ਖ਼ਾਤਿਰ।
ਪਵਣੁ ਗੁਰੁ ਤੇ ਪਾਣੀ ਏ ਪਿਤਾ ਸਾਡਾ, ਧਰਤ ਮਾਂ ਨੂੰ ਅੰਮਾ ਕਹਾਉਣ ਖ਼ਾਤਿਰ।
ਚਾਰੇ ਵਰਣ ਗਰੀਬ-ਅਮੀਰ ਤਾਈਂ, ਪਹਿਲਾਂ ਪਾਣੀ ਹੈ ਜੀਓ ਸਮਝਾਉਣ ਖ਼ਾਤਿਰ।
ਹੱਥ ਚੁੱਕ ਕੇ ਸਾਰਿਆਂ ਪ੍ਰਣ ਕੀਤੇ, ਸੇਵਾ ਵੇਈਂ ਦੀ ਕਰਨ ਕਰਾਉਣ ਖ਼ਾਤਿਰ।
ਦਿਵਸ ਦੂਸਰੇ ਕਵੀਆਂ ਤੇ ਕਰਤਿਆਂ ਦਾ , ਪੁੱਜਾ ਕਾਫ਼ਲਾ ਫਰਜ਼ ਨਿਭਾਉਣ ਖ਼ਾਤਿਰ।
ਬੇਰ ਸਾਹਿਬ ਜਾ ਅੱਵਲ ਅਰਦਾਸ ਕੀਤੀ, ਮਹਾਂ-ਕਾਜ ਤੇ ਸਫ਼ਲਤਾ ਪਾਉਣ ਖ਼ਾਤਿਰ।
'ਵਾਟਾਂ ਵਾਲੀਆ' ਉੱਦਮ ਸਿਧਾਂਤ ਸੱਚਾ, ਸੁੱਤਾ ਨੀਂਦਰੋਂ ਵਿਸ਼ਵ ਜਗਾਉਣ ਖ਼ਾਤਿਰ।

ਕਈ ਗੱਲਾਂ ਦੀ ਖ਼ੀਰ ਬਣਾਉਣ ਵਾਲੇ, ਵਿਰਵੇ ਅਮਲ ਤੋਂ ਉਹ ਵੀ ਇਨਸਾਨ ਪਹੁੰਚੇ।
ਇਸੇ ਬੈਠਕ ਵਿੱਚ ਨਾਲ਼ ਇਤਫ਼ਾਕ ਦੇ ਜੀ, ਯੁੱਗ-ਪੁਰਸ਼ ਸੱਚੇ ਸ੍ਰੀਮਾਨ ਪਹੁੰਚੇ।
'ਵਾਟਾਂ ਵਾਲੀਆ' ਅਮਲ ਵਿਹੂਣਿਆਂ ਨੂੰ, ਹੱਥੀਂ ਕਰਨ ਦੀ ਜਾਚ ਸਿਖਾਣ ਪਹੁੰਚੇ।

## ਬੈਠਕ ਵਿੱਚ ਮਤਾ ਪਾਸ ਹੋਣਾ

ਮਤਾ ਪਾਸ ਹੋਇਆ ਉੱਚੇ ਵਫ਼ਦ ਅੰਦਰ, ਪਾਕ ਪਾਣੀ ਨੂੰ ਪਾਕ ਬਣਾਉਣ ਖ਼ਾਤਿਰ।
ਸਾਂਝੀ ਵਾਲਤਾ ਜਿਥੋਂ ਉਪਦੇਸ਼ ਮਿਲਿਆ, ਸਰਬ-ਸਹਿਮਤੀ ਉਹਨੂੰ ਬਚਾਉਣ ਖ਼ਾਤਿਰ।
ਪਵਣੁ ਗੁਰੂ ਤੇ ਪਾਣੀ ਏ ਪਿਤਾ ਸਾਡਾ, ਧਰਤ ਮਾਂ ਨੂੰ ਅੰਮਾ ਕਹਾਉਣ ਖ਼ਾਤਿਰ।
ਚਾਰੇ ਵਰਣ ਗਰੀਬ-ਅਮੀਰ ਤਾਈਂ, ਪਹਿਲਾਂ ਪਾਣੀ ਹੈ ਜੀਓ ਸਮਝਾਉਣ ਖ਼ਾਤਿਰ।
ਹੱਥ ਚੁੱਕ ਕੇ ਸਾਰਿਆਂ ਪ੍ਰਣ ਕੀਤੇ, ਸੇਵਾ ਵੇਈਂ ਦੀ ਕਰਨ ਕਰਾਉਣ ਖ਼ਾਤਿਰ।
ਦਿਵਸ ਦੂਸਰੇ ਕਵੀਆਂ ਤੇ ਕਰਤਿਆਂ ਦਾ , ਪੁੱਜਾ ਕਾਫ਼ਲਾ ਫਰਜ਼ ਨਿਭਾਉਣ ਖ਼ਾਤਿਰ।
ਬੇਰ ਸਾਹਿਬ ਜਾ ਅੱਵਲ ਅਰਦਾਸ ਕੀਤੀ, ਮਹਾਂ-ਕਾਜ ਤੇ ਸਫ਼ਲਤਾ ਪਾਉਣ ਖ਼ਾਤਿਰ।
'ਵਾਟਾਂ ਵਾਲੀਆ' ਉੱਦਮ ਸਿਧਾਂਤ ਸੱਚਾ, ਸੁੱਤਾ ਨੀਂਦਰੋਂ ਵਿਸ਼ਵ ਜਗਾਉਣ ਖ਼ਾਤਿਰ।

## ਅਰਦਾਸ ਕਰਨ ਉਪਰੰਤ ਸੇਵਾ ਸ਼ੁਰੂ ਕਰਨੀ

ਲੈ ਕੇ ਆਗਿਆ ਗੁਰੂ ਦਰਬਾਰ ਵਿਚੋਂ, ਬਾਬੇ ਵੇਈਂ ਦੇ ਵਿੱਚ ਛਲਾਂਗ ਮਾਰੀ।
ਜਿੰਨੇ ਤਾਰੂ ਸੀ ਸੇਵਕ ਬਲਬੀਰ ਜੀ ਦੇ, ਲਾਈ ਉਨ੍ਹਾਂ ਵੀ ਬਾਬਿਆਂ ਵਾਂਗ ਤਾਰੀ।
ਫੜ੍ਹ ਬੋਦੀਓਂ ਬੂਟੀ ਧਰੀਕ ਸੁੱਟੀ, ਬੰਨੇ ਕੰਢਿਓਂ ਦੱਬੜੀ ਛਾਂਗ ਮਾਰੀ।
ਉੱਚੀ ਤਾਲ ਵਿੱਚ ਢੋਲ ਤੇ ਡਗਾ ਲਾਇਆ, ਸੇਵਾ ਲੁੱਟ ਲਓ ਲੋਕਾਂ ਨੂੰ ਬਾਂਗ ਮਾਰੀ।
ਸੇਵਾਦਾਰਾਂ ਵਿੱਚ ਜੋਸ਼-ਖਰੋਸ਼ ਚੋਖਾ, ਸੁੱਖ-ਸੁਹਜ ਦੀ ਉਨ੍ਹਾਂ ਨੇ ਤਾਂਘ ਮਾਰੀ।
ਗੰਦਾ ਪਾਣੀ ਤੇ ਗੰਦਗੀ ਅੱਤ ਫੈਲੀ, ਮਰੇ ਜੀਆਂ ਨੇ ਵਿੱਚੋਂ ਸੜ੍ਹਾਂਦ ਮਾਰੀ।
ਧੰਨ ਹੌਂਸਲਾ, ਹਿੰਮਤ ਤੇ ਭਾਵਨਾਵਾਂ, ਧੰਨ ਬਾਬਿਓ ਥੋਡੀ ਜਰਾਂਦਦਾਰੀ।
'ਵਾਟਾਂ ਵਾਲੀਆ' ਸੁੱਤਿਆਂ ਸਿਸਟਮਾਂ ਦੇ, ਅੱਜ ਬਾਬਿਆਂ ਖੋਪਰੀ ਡਾਂਗ ਮਾਰੀ।

## ਵੇਈਂ ਕੰਢੇ ਪੱਕੇ ਡੇਰੇ ਲਾਉਣੇ

ਬੇਰ ਸਾਹਿਬ ਦੇ ਲਾਗਿਓਂ ਤੁਰੀ ਸੇਵਾ, ਹੱਲਾ ਬੋਲਿਆ ਗੁਰੂ ਦਾ ਨਾਂ ਲੈਕੇ।
ਤੰਬੂ ਲਾ ਲਿਆ ਵੇਈਂ ਦੇ ਆਣ ਕੰਢੇ, ਸੱਚੇ ਸੇਵਕਾਂ ਠੇਕੇ ਤੇ ਥਾਂ ਲੈਕੇ।

ਦੂਰੋਂ-ਨੇੜਿਓਂ ਪਹੁੰਚਦੇ ਗੁਰੂ ਰੱਤੇ, ਕੋਈ 'ਕੱਲਾ ਤੇ ਕੋਈ ਗਿਰਾਂ ਲੈਕੇ।
ਆਉਣ ਔਕੜਾਂ ਉਡਦੀਆਂ ਜਾਣ ਮੂਹਰੇ, ਤੁਰੇ ਆਸਰਾ ਗੁਰੂ ਦੀ ਬਾਂਹ ਲੈਕੇ।
'ਵਾਟਾਂ ਵਾਲੀਆ' ਕਰਨ ਸੰਕਲਪ ਪੂਰੇ, ਸੂਰੇ ਕਰਕ ਕਲੇਜਿਆਂ ਮਾਹਿ ਲੈਕੇ।

## ਸਾਉਣ-ਭਾਦੋਂ ਵਿੱਚ ਮੀਂਹ ਨਾ ਪੈਣਾ

ਲੰਘੇ ਸਾਵਣ ਤੇ ਭਾਦਰੋਂ ਖ਼ੁਸ਼ਕ ਓਦੋਂ, ਸਤਹ ਵੇਈਂ ਦੀ ਸੁੱਕ ਕੇ ਰੜੀ ਹੋਈ।
ਘਟਾ ਕਾਲ਼ੀਆਂ ਆਣ ਕੇ ਮੁੜਨ ਖਾਲੀ, ਕਣੀ ਡਿੱਗੀ ਨਾ ਲੱਗੀ ਨਾ ਝੜੀ ਕੋਈ।
ਲੋਕੀਂ ਆਖਦੇ ਬਾਬੇ ਨੇ ਮੀਂਹ ਬੱਧਾ, ਕਰਾਮਾਤ ਇਹ ਦਾਤੇ ਦੀ ਬੜੀ ਹੋਈ।
ਗੁਰੂ ਨਾਨਕ ਨੇ ਨਦਰਿ-ਨਿਹਾਲ ਕੀਤੀ, ਸੇਵਾਦਾਰਾਂ ਦੀ ਫ਼ੌਜ ਆ ਖੜ੍ਹੀ ਹੋਈ।
ਅਣਥੱਕ ਜੋਧਿਆਂ ਰਾਤ-ਦਿਨ ਇੱਕ ਕੀਤਾ, ਖੜਗ ਨੇਕੀ ਦੀ ਹੱਥਾਂ ਵਿੱਚ ਫੜੀ ਹੋਈ।
'ਵਾਟਾਂ ਵਾਲੀਆ' ਦੇਖ ਕੇ ਇੰਝ ਜਾਪੇ, ਫ਼ੌਜ ਰਾਮ ਦੀ ਲੰਕਾ ਜਿਓਂ ਚੜ੍ਹੀ ਹੋਈ।

## ਜੋਗੀਆਂ ਦੀ ਫ਼ੌਜ

ਜੋਗੀ ਜਾਪਦੇ ਆਏ ਨੇ ਫ਼ੌਜ ਲੈ ਕੇ, ਆਏ ਜਾਪਦੇ ਕਰਨ ਖੁਲਾਸੀਆਂ ਨੂੰ।
ਭਲਾ ਹੋਵੇ ਕਰਤਾਰ ਨੇ ਮੋੜਿਆ ਈ, ਮੂੰਹ ਮੋੜ ਕੇ ਤੁਰੇ ਉਦਾਸੀਆਂ ਨੂੰ।
ਨੌ-ਨਾਥ ਤੇ ਭੇਜਤੇ ਬੀਰ-ਬਾਵਨ, ਜਾਪੇ ਭੇਜਿਆ ਸਿੱਧਾਂ-ਚੁਰਾਸੀਆਂ ਨੂੰ।
ਇਹਨਾਂ ਜਾਪਦੈ ਜ਼ਹਿਰ ਵੀ ਚੂਸ ਲੈਣੇ, ਦੇਣੀ ਜ਼ਿੰਦਗੀ ਧਾਰਾ ਤ੍ਰਾਸੀਆਂ ਨੂੰ।
ਭਗਵਾਂ ਪਹਿਨ ਕੇ ਜਾਪਦੈ ਆਪ ਆਇਆ, ਲੈਕੇ ਆ ਗਿਆ ਨਾਲ਼ ਦੇ ਵਾਸੀਆਂ ਨੂੰ।
'ਵਾਟਾਂ ਵਾਲੀਆਂ' ਹਰਨਗੇ ਦਰਦ ਸਾਰੇ, ਤ੍ਰਿਪਤ ਕਰਨਗੇ ਰੂਹਾਂ ਪਿਆਸੀਆਂ ਨੂੰ।

## ਭਗਵਿਆਂ ਦਾ ਨਵਾਂ ਰੂਪ

ਗੱਲ ਕਰਾਂ ਜੇ ਭਗਵਿਆਂ ਬਾਨਿਆਂ ਦੀ, ਜੱਗ ਵਿੱਚੋਂ ਉਪਰਾਮ ਹੋ ਬੈਠਦੇ ਸੀ।
ਚੜ੍ਹ ਟੀਸੀਆਂ ਉੱਚੇ ਪਹਾੜ ਉੱਤੇ, ਇਹੇ ਮਸਤ ਬੇਨਾਮ ਹੋ ਬੈਠਦੇ ਸੀ।
ਕਦੇ ਪੁੱਠਿਆਂ-ਸਿੱਧਿਆਂ ਲਟਕਦੇ ਸੀ, ਕਦੇ ਅੱਧ-ਅਸਮਾਨ ਹੋ ਬੈਠਦੇ ਸੀ।
ਘਰ-ਬਾਰ ਤਿਆਗ ਸੰਸਾਰ ਸਾਰਾ, ਆਪੇ ਆਪ ਮਹਾਨ ਹੋ ਬੈਠਦੇ ਸੀ।

ਆਇਆ ਪੀਰਾਂ ਦਾ ਪੀਰ ਮਹਾਨ ਜੋਗੀ, ਗੱਲ ਹੋਰ ਦੀ ਹੋਰ ਦਰਸਾਇ ਤੁਰਿਆ।
ਆਖ ਤਿਆਗ, ਵੈਰਾਗ, ਵਿਅਰਥ ਸਾਰਾ, ਨਵੀਂ ਪਿਰਤ ਤੇ ਪੂਰਨੇ ਪਾਇ ਤੁਰਿਆ।
ਰਹਿ ਕੇ ਜੱਗ ਦੇ ਵਿੱਚ ਨਿਰਲੇਪ ਰਹਿਆ, ਹੋਰ ਘਾਲਣਾ-ਘਾਲ ਕਮਾਇ ਤੁਰਿਆ।



ਉਹੋ ਯੋਗ ਤੇ ਗ੍ਰਿਹਸਥ ਦੇ ਮਾਰਗਾਂ ਦਾ, ਸਾਂਝਾ-ਵੱਖਰਾ ਰੂਪ ਬਣਾਇ ਤੁਰਿਆ।

ਪਿੱਛੋਂ ਚੱਲ ਕੇ ਓਸ ਦੇ ਨਕਸ਼ਿਆਂ ਤੇ, ਕਿੰਨੇ ਹੋਏ ਨੇ ਹੋਰ ਮਹਾਨ ਯੋਗੀ।
ਮਿੱਠਾ ਮੰਨ ਕਰਤਾਰ ਦੇ ਭਾਣਿਆਂ ਨੂੰ, ਹੱਸ-ਹੱਸ ਕੇ ਵਾਰ ਗਏ ਜਾਨ ਯੋਗੀ।
ਦੇਸ਼ ਕੌਮ ਦੇ ਉੱਤੋਂ ਕੁਰਬਾਨ ਹੋਣਾ, ਰਹੇ ਸਮਝਦੇ ਆਪਣੀ ਸ਼ਾਨ ਯੋਗੀ।
'ਵਾਟਾਂ ਵਾਲੀਆ' ਭਗਵਿਆਂ ਬਾਣਿਆਂ ਦੀ, ਅੱਜ ਵੱਖਰੀ ਹੋਰ ਪਛਾਣ ਹੋਗੀ।

## ਸਾਉਣ-ਭਾਦੋਂ ਦੇ ਮਰੋੜੇ ਅਤੇ ਸੇਵਾ

ਸਾਉਣ-ਭਾਦਰੋਂ ਜੱਟ ਵੀ ਸਾਧ ਹੁੰਦੇ, ਸੂਰਜ ਭੱਖ਼ ਕੇ ਅੰਬਰੀਂ ਲਾਲ ਹੋਵੇ।
ਇੱਥੇ ਸਾਧਾਂ ਦੀ ਮਾਰ ਤੋਂ ਜੱਟ ਭੱਜਣ, ਉਲਟ-ਬਾਜ਼ੀਆਂ ਪੈਣ ਕਮਾਲ ਹੋਵੇ।
ਕਰਮਾਂ ਵਾਲੜਾ ਸੂਰਮਾਂ ਖੜ੍ਹੇ ਕੋਈ, ਜੀਹਦੇ ਜੁੱਸੇ ਵਿੱਚ ਜ਼ੋਰ-ਜਲਾਲ ਹੋਵੇ।
ਖੜ੍ਹੇ ਰਹਿਣ ਜਾਂ ਪਿਆਰ-ਦੁਲਾਰ ਰੱਤੇ, ਖੜ੍ਹੇ ਭਗਤਣੀ ਮਾਈ ਦਾ ਬਾਲ ਹੋਵੇ।
ਖੜ੍ਹਾ ਰਹੇ ਜਾਂ ਸੰਤ ਬਲਬੀਰ ਜੇਹਾ, ਦਰਿਆ ਵਾਂਗਰਾਂ ਜੇਸਦੀ ਚਾਲ ਹੋਵੇ।
'ਵਾਟਾਂ ਵਾਲੀਆ' ਖੜ੍ਹਨ ਫ਼ਕੀਰ ਸਾਈਂ, ਰੱਬ ਜਿਨ੍ਹਾਂ ਦੇ ਸਦਾ ਹੀ ਨਾਲ਼ ਹੋਵੇ।

## ਸੱਚੇ ਸੇਵਕਾਂ ਤੇ ਦੋਖੀਆਂ ਦਾ ਸਾਹਮਣੇ ਆਉਣਾ

ਸੀਚੇਵਾਲ ਨੇ ਮੋਰਚੇ ਲਾਏ ਉਥੇ, ਜਿਥੋਂ ਗੁਰੂ ਨੇ ਸਿੱਖੀ ਨੂੰ ਤੋਰਿਆ ਸੀ।
ਤੁਰੇ ਬਾਬੇ ਦੇ ਨਾਲ਼ ਵੀ ਲੋਕ ਉਹੀ, ਜੀਅ ਜਿਹਨਾਂ ਦਾ ਮਸਤਿਆ-ਲੋਰਿਆ ਸੀ।
ਕੱਚੇ-ਪੱਕੇ ਦੀ ਪਰਖ਼ ਦਾ ਸਮਾਂ ਏਹੇ, ਭਾਂਡੇ ਬੋਲ ਪਏ ਜਿਹਨਾਂ ਨੂੰ ਠੋਰਿਆਂ ਸੀ।
'ਵਾਟਾਂ ਵਾਲੀਆ' ਮੂਲ ਤੋਂ ਹਿੱਲਿਆਂ ਦਾ, ਮਨ ਮਚਿਆ-ਤੜਫਿਆ-ਝੋਰਿਆ ਸੀ।

## ਵੇਈਂ ਦੀ ਨਿਸ਼ਾਨ ਦੇਹੀ ਅਤੇ ਦੋਖੀਆਂ ਵਲੋਂ ਕਾਰ ਸੇਵਾ ਰੋਕਣ ਦਾ ਯਤਨ

ਖ਼ਾਕਾ ਖਿੱਚਿਆ ਵੇਈਂ ਦਾ ਪੈਲੀਆਂ ਤੇ, ਲਿਆ ਕਾਨੂੰਗੋ ਨਾਲ਼ ਪਟਵਾਰੀਆਂ ਨੂੰ।
ਨਾਲ਼ ਲਏ ਸਰਪੰਚ ਤੇ ਪੰਚ ਆਗੂ, ਲੰਬੜਦਾਰ ਤੇ ਚੌਂਕੀਏਦਾਰੀਆਂ ਨੂੰ।
ਕੀਤੀ ਵੇਈਂ ਦੀ ਕੁੱਲ ਨਿਸ਼ਾਨ ਦੇਹੀ, ਲਿਆ ਸੰਗੀਆਂ ਸਾਥ ਸਹਿਕਾਰੀਆਂ ਨੂੰ।
ਆਈ ਵੇਈਂ ਤੇ ਚਲਕੇ ਕਲ੍ਹੇ ਆਪੇ, ਭੈੜੀ ਕਰਨ ਕਰਾਉਣ ਖ਼ੁਆਰੀਆਂ ਨੂੰ।
ਸ਼ਿੰਗਾਰਾ ਸਿੰਘ ਕਮੇਟੀ ਪ੍ਰਧਾਨ ਓਦੋਂ, ਸਭੇ ਜਾਣਦਾ ਲੀਡਰੀ-ਚਾਰੀਆਂ ਨੂੰ।

ਹੁਕਮ ਹਾਕਮਾਂ ਭੇਜਿਆ ਸ਼ਹਿ ਦਿੱਤੀ, ਸੇਵਾ ਰੋਕਣੀ ਕਰੋ ਤਿਆਰੀਆਂ ਨੂੰ।
ਸਿਰ ਓਸ ਦੇ ਆਣ ਕੇ ਕਲ੍ਹੋ ਨੱਚੀ , ਲੈ ਕੇ ਤੁਰ ਪਿਆ ਨਾਲ਼ ਹਥਿਆਰੀਆਂ ਨੂੰ।
ਕਹਿਣ ਭੱਜਣੇ ਸਾਧ ਲੰਗੋਟ ਵਾਲੇ, ਤੱਕ ਪਿਸਟਲਾਂ-ਰਈਫਲਾਂ-ਕਾਰੀਆਂ ਨੂੰ।
ਹੋਈ ਝੜਪ ਤਾਂ ਛੱਡ ਮੈਦਾਨ ਭੱਜੇ, ਵੈਰੀ ਮਿੱਤ ਨਾ ਬਾਝ ਕਰਾਰੀਆਂ ਨੂੰ।
'ਵਾਟਾਂ ਵਾਲੀਆ' ਥਾਣਿਆਂ ਹੋਣ ਪਰਚੇ, ਕਲ੍ਹ ਮਾਰਦੀ ਫਿਰੇ ਕਿਲਕਾਰੀਆਂ ਨੂੰ।

ਕਲ੍ਹ-ਨਾਰਦ ਦੀ ਇੱਕ ਨਾ ਪੇਸ਼ ਚੱਲੀ, ਸ਼ਾਂਤ ਚਿੱਤ ਨੇ ਰੱਬ ਆਰਾਧਿਆ ਈ।
ਖੋਟੇ ਪੈਸੇ ਦੇ ਵਾਂਗਰਾਂ ਮੁੜੇ ਪੁੱਠੇ, ਕਹਿਣੇ ਉਨ੍ਹਾਂ ਦੇ ਕੋਈ ਨਾ ਲਾਗਿਆ ਈ।
ਅੱਖਾਂ ਅੰਨ੍ਹੀਆਂ ਜਗਤ ਦੇ ਕੰਨ ਬੋਲ਼ੇ, ਹਵਾ ਪਾਣੀ ਨੂੰ ਜਿਹਨਾਂ ਬਰਬਾਦਿਆਂ ਈ।
'ਵਾਟਾਂ ਵਾਲੀਆ' ਧਰਤ ਲੁਕਾਈ ਸੋਧੀ, ਕਈ ਸੁਧੇ ਆਪੇ ਕਈਆਂ ਸਾਧਿਆ ਈ।

## ਕਰਮ-ਯੁੱਧ

ਸੀਚੇਵਾਲ ਦੀ ਧਰਤ ਤੋਂ ਤੁਰੀ ਧਾਰਾ, ਧਾਰਾ ਵਹਿਣ ਦੇ ਵਿੱਚ ਤਬਦੀਲ ਜੀਓ।
ਵਹਿਣ ਰੋੜ੍ਹ ਕੇ ਲੈ ਗਿਆ ਗੰਦਗੀ ਨੂੰ, ਪੈਰ-ਪੈਰ ਕੀ ਮੀਲਾਂ ਦੇ ਮੀਲ ਜੀਓ।

ਕਰਮ-ਯੁੱਧ ਦਾ ਮੱਚਿਆ ਭੇੜ ਪੂਰਾ, ਸੀਨੇ ਸਾਦਗੀ-ਸਬਰ ਤੇ ਸੀਲ ਜੀਓ।
ਤਨਾਂ-ਮਨਾਂ ਤੇ ਧਨਾਂ ਨੇ ਇੱਕ ਹੋ ਕੇ, ਡਾਢੀ ਧਾਰ ਲਈ ਡੌਲ ਤੇ ਡੀਲ ਜੀਓ।

ਲੈਕੇ ਆ ਗਿਆ ਕੋਈ ਟਰੈਕਟਰਾਂ ਨੂੰ, ਕੋਈ ਕਹੀਆਂ ਤੇ ਬਾਟਿਆਂ ਨਾਲ਼ ਆਇਆ।
ਕੋਈ ਆ ਗਿਆ ਘਰਾਂ ਨੂੰ ਮਾਰ ਜਿੰਦੇ, ਕੋਈ ਚੱਲ ਕੇ ਉਸੇ ਹੀ ਹਾਲ ਆਇਆ।
ਦੇਵ-ਲੋਕ ਤੋਂ ਜਾਪਦਾ ਆਉਣ ਰੂਹਾਂ, ਮਾਤਾ ਤ੍ਰਿਪਤਾ ਦਾ ਜਾਪਦਾ ਲਾਲ ਆਇਆ।
'ਵਾਟਾਂ ਵਾਲੀਆ' ਵੇਈਂ ਤੇ ਕਰਨ ਸੇਵਾ, ਜਾਪੇ ਚੱਲ ਕੇ ਅਕਲ-ਅਕਾਲ ਆਇਆ।

## ਅਖੁੱਟ ਭਰੇ ਭੰਡਾਰ ਜੀਓ

ਸੇਵਾ ਤੁਰੀ ਜਾ ਵੇਈਂ ਦੇ ਕਾਰਜਾਂ ਦੀ, ਫੇਰ ਕੋਈ ਵੀ ਆਈ ਨਾ ਥੋੜ ਏਥੇ।
ਮਾਇਆ ਪਤਾ ਨਹੀਂ ਆਂਵਦੀ ਰਹੀ ਕਿਥੋਂ? ਕਿਥੋਂ ਖ਼ਲਕ ਦਾ ਜੁੜ ਗਿਆ ਜੋੜ ਏਥੇ?
ਥੋੜ ਆਈ ਨਾ ਭਰੇ ਭੰਡਾਰਿਆਂ ਦੀ, ਦੁੱਧਾਂ-ਚਾਹਾਂ ਦੇ ਵਗਣ ਜਿਉਂ ਰੋੜ੍ਹ ਏਥੇ।
'ਵਾਟਾਂ ਵਾਲੀਆ' ਵਰਤਦੇ ਸੇਬ-ਕੇਲੇ, ਜੀਕੂੰ ਰੱਬ ਹੀ ਭੇਜਦਾ ਤੋੜ ਏਥੇ।

# ਵੇਈਂ ਦੇ ਵਿੱਚ ਨਦੀਨ ਅਤੇ ਘਾਹ-ਬੂਟ

ਵੇਖੋ ਵੇਈਂ ਦੇ ਵਿੱਚ ਸੀ ਕਿਵੇਂ ਉੱਗਾ, ਘਾਹ ਜੰਗਲੀ ਅਤੇ ਕੱਖ-ਕਾਨ ਕਿੰਨਾ।
ਭੰਗ-ਬੂਟੀਆਂ, ਬਾਥੂਆਂ ਨ੍ਹੇਰ ਪਾਇਆ, ਵਿੱਚੋਂ ਘੇਰਿਆ ਕਿਵੇਂ ਮੈਦਾਨ ਕਿੰਨਾ।
ਛੂਈ, ਮੋਥਰਾ, ਮੋਰਲੋ, ਮੁਰਕ, ਪੋਹਲ਼ੀ, ਸਭੋ ਹੋਇਆ ਨਦੀਨ ਬਲਵਾਨ ਕਿੰਨਾ।
ਮਲ੍ਹੇ, ਪੀਲਕਾਂ ਅਤੇ ਕੁਵਾਰ, ਡੇਲੇ, ਝਾੜ-ਬੇਰੀਆਂ ਜਿਹਾ ਸਮਾਨ ਕਿੰਨਾ।
ਨਿੱਕੜ-ਸੁੱਕੜ ਤੇ ਦੁੱਧਕਲੀ ਬੂਟੀਆਂ ਦਾ, ਬਾਹਰਾ ਗਿਣਤੀਓਂ ਲਾਵਾਂ ਅਨੁਮਾਨ ਕਿੰਨਾ।





'ਵਾਟਾਂ ਵਾਲੀਆ' ਵੇਈਂ ਦੇ ਵਿੱਚ ਬਾਕੀ, ਖਾਲੀ ਥਾਵਾਂ ਤੇ ਅਰਿੰਡ ਪ੍ਰਧਾਨ ਕਿੰਨਾ।

## ਕਾਰਵਾਂ ਤੁਰਨਾ ਅਤੇ ਸੇਵਾ ਵਿੱਚ ਮੁਸ਼ਕਿਲਾਂ

ਸੁਲਤਾਨਪੁਰੇ ਤੋਂ ਕਾਰਵਾਂ ਕੁਸ਼ਲ ਤੁਰਿਆ, ਸੈਆਂ ਕੋਹਾਂ ਦੇ ਪੈਂਡੇ ਨੂੰ ਪਾਰ ਕੀਤਾ।
ਹੱਡ-ਬੀਤੀਆਂ ਮੁਸ਼ਕਲਾਂ ਬਹੁਤੀਆਂ ਨੇ, ਸਿੰਘਾਂ ਜਿਹਨਾਂ ਦਾ ਸਾਹਮਣਾ ਯਾਰ ਕੀਤਾ।
ਆਦਮਕੱਦ ਤੋਂ ਵੱਧਕੇ ਸਿਲਟ ਜੰਮੀ, ਬੂਟੀ ਫੈਲਰੀ ਡਾਢਾ ਸ਼ੁਮਾਰ ਕੀਤਾ।
ਦੱਭ-ਸਰਕੜਾ, ਉਪਜਿਆ ਵੀਹ ਪੁੱਜੀ, ਸੱਪਾਂ ਆਣਕੇ ਵਿੱਚੇ ਘਰ-ਬਾਰ ਕੀਤਾ।
ਅੱਕ-ਅਕਸਿਨ-ਕੰਡੇਲੜੇ-ਪੁੱਠਕੰਡੇ, ਗਾਜਰ-ਘਾਹ, ਜੁਆਹੇਂ ਦੁਸ਼ਵਾਰ ਕੀਤਾ।
ਕਾਹੀ ਕੋਠਿਓਂ ਉੱਚੀ ਤੋਂ ਨੜੇ ਉੱਚੇ, ਝੰਗ ਮੱਲਿਆ ਮੱਲ ਗ਼ੁਬਾਰ ਕੀਤਾ।
ਡੂੰਘੇ ਡੂੰਮ੍ਹਾਂ ਦੇ ਵਿੱਚ ਲੁਹਾਕ ਮੱਛੀ, ਡੰਗ ਮਾਰ ਤੜਫਾਏ ਬੁਖ਼ਾਰ ਕੀਤਾ।

ਵੇਖੋ ਮੁਸ਼ਕਿਲਾਂ-ਔਕੜਾਂ ਅਟਕੀਆਂ ਨਾ, ਸੱਚੀ ਦ੍ਰਿੜਤਾ ਨੇ ਜਦੋਂ ਦੋ-ਚਾਰ ਕੀਤਾ।
ਪਹੁੰਚੇ ਪੱਤਣੀ ਕੀਤਾ ਪਾਤਾਲ ਨੰਗਾ, ਪਾਂਡੋ-ਸਿਲਟ ਨੂੰ ਪੁੱਟ ਕੇ ਬਾਹਰ ਕੀਤਾ।

ਅਰਜਨ ਘੂਕਦੇ ਅੰਬਰੀਂ ਗੂੰਜ ਪੈਂਦੀ, ਬੰਨੇ-ਕੰਢਿਓਂ ਪੰਧ ਤਿਆਰ ਕੀਤਾ।
ਮਾਝੀ, ਮਾਲਵੀ ਅਤੇ ਦੁਆਬੀਆਂ ਨੇ, ਚੌਹਾਂ ਕੂੰਟਾਂ 'ਚੋਂ ਆਣ ਕਿਰਦਾਰ ਕੀਤਾ।
ਈਕਣ ਵੇਈਂ ਦਾ ਦੁੱਖੜਾ ਦੂਰ ਹੋਇਆ, ਜੀਕੂੰ ਧੰਤਰੀ ਵੈਦ ਉਪਚਾਰ ਕੀਤਾ।
'ਵਾਟਾਂ ਵਾਲੀਆਂ' ਗ਼ਜ਼ਬ ਦੀ ਕਾਰ ਸੇਵਾ, ਸੁਲਤਾਨਪੁਰੇ ਦਾ ਅਜ਼ਬ ਸੁਧਾਰ ਕੀਤਾ।



## ਸੁਲਤਾਨਪੁਰੇ ਵਿੱਚ ਸੀਵਰੇਜ ਸਿਸਟਮ ਅਤੇ ਗੰਦੇ ਪਾਣੀ ਦਾ ਪ੍ਰਬੰਧ

ਜ਼ਮੀਨ-ਦੋਜ਼ ਵਿਛਾਏ ਵਹੀਣ ਪਹਿਲੋਂ, ਸੁਲਤਾਨਪੁਰੇ ਦੀ ਹੱਦ ਮੌਜੂਦ ਅੰਦਰ।
ਤੱਕ ਲੋਕਾਂ ਦੇ ਸੀਨਿਆਂ ਅਲਖ ਜਾਗੀ, ਭਰੀ ਭਾਵਨਾ ਖ਼ਲਕ ਵਜੂਦ ਅੰਦਰ।
ਦੇਸੀ ਤੌਰ ਤਰੀਕਿਆਂ ਨਾਲ ਬੱਧੇ, ਪਾਈਪਲਾਈਨ ਦੇ ਜਿਹੇ ਨਾਬੂਦ ਅੰਦਰ।
ਰਾਹਵਾਂ-ਖੈਹੜਿਆਂ-ਮਾਰਗਾਂ ਪਾਈ ਮਿੱਟੀ, 'ਵਾਟਾਂ ਵਾਲੀਆਂ' ਹੱਦ-ਹਦੂਦ ਅੰਦਰ।

## ਵੇਈਂ ਦੀ ਸਫ਼ਾਈ ਅਤੇ ਪੱਥਰਾਂ ਦੇ ਘਾਟ ਉਸਾਰਨੇ

ਵੇਈਂ ਸਾਫ਼-ਸਵੱਛ ਸੁਰਜੀਤ ਕਰਕੇ, ਘਾਟ ਪੱਥਰਾਂ ਨਾਲ਼ ਚਿਣਾਉਣ ਲੱਗੇ।
ਅਰਧ-ਗੋਲ ਤਿਕੋਣ ਦੀ ਸ਼ਕਲ ਦੇ ਕੇ, ਢਾਲ਼ ਪੌੜੀਆਂ ਰੇਵ ਬਣਾਉਣ ਲੱਗੇ।
ਤੇਰਾ-ਤੇਰਾ ਤੇ ਤੇਰਾਂ ਚੜ੍ਹਾਉਣ ਪੌਡੇ, ਸੱਚਾ ਜੱਪਦੇ ਨਾਮ ਜਪਾਉਣ ਲੱਗੇ।
ਘਾਟ-ਘਾੜਤਾਂ ਚੀਨ ਦੀ ਕੰਧ ਵਾਂਗਰ, ਤਾਜ ਵਾਂਗਰਾਂ ਜੜਤ ਜੜਾਉਣ ਲੱਗੇ।
ਵਾਈਟ ਹਾਊਸ ਤੋਂ ਫੇਰ ਕੇ ਰੰਗ ਚਿੱਟਾ, ਅੱਲਾ-ਰਾਮ-ਓਅੰਕਾਰ ਲਿਖਾਉਣ ਲੱਗੇ।
'ਵਾਟਾਂ ਵਾਲੀਆ' ਅਜਬ ਅਜੂਬਿਆਂ ਤੋਂ, ਸੋਹਣਾ ਸੁਰਗਾਂ ਤੋਂ ਸੁਰਗ ਬਣਾਉਣ ਲੱਗੇ।





## ਸਿਦਕ ਦੇ ਬੇੜੇ ਪਾਰ

ਸੰਤਾਂ ਲੈ ਲਿਆ ਹੱਥ ਵਿੱਚ ਕਾਜ ਵੱਡਾ, ਲਿਆ ਬੜੇ ਹੀ ਨਾਲ਼ ਵਿਸ਼ਵਾਸ ਉਨ੍ਹਾਂ।
ਨਾਹੀਂ ਇਲਮ ਤਰਤੀਬ ਨਾ ਜਾਣਕਾਰੀ, ਘੜੀ-ਬੁਣੀ ਸਕੀਮ ਨਾ ਖ਼ਾਸ ਉਨ੍ਹਾਂ।
ਗਿਣੇ-ਚੁਣੇ ਹਥਿਆਰ ਤੇ ਸੰਦ-ਭਾਂਡੇ, ਸੇਵਾਦਾਰ ਵੀ ਬਹੁਤੇ ਨਾ ਪਾਸ ਉਨ੍ਹਾਂ।
'ਵਾਟਾਂ ਵਾਲੀਆਂ' ਸਿਦਕ ਦੇ ਪਾਰ ਬੇੜੇ, ਗੁਰੂ ਨਾਨਕ 'ਤੇ ਧਰੀ ਧਰਵਾਸ ਉਨ੍ਹਾਂ।

# ਰੱਬ ਆਸਰੇ

ਰੱਬ ਆਸਰਾ ਗੁਰੂ ਦੇ ਪਿਆਰਿਆਂ ਦਾ, ਉਸੇ ਆਸਰੇ ਤੁਰਦਿਆਂ ਤੁਰੇ ਜਾਂਦੇ।
ਉਸੇ ਆਸਰੇ ਮੰਜ਼ਲਾਂ ਮਾਰਦੇ ਨੇ, ਉਸੇ ਆਸਰੇ ਪਰ੍ਹੇ ਤੇ ਉਰ੍ਹੇ ਜਾਂਦੇ।
ਉਸੇ ਆਸਰੇ ਠਹਿਰਦੇ-ਅਟਕਦੇ ਨੇ, ਉਸੇ ਆਸਰੇ ਪਹੁੰਚ ਉਹ ਧੁਰੇ ਜਾਂਦੇ।
ਉਸੇ ਆਸਰੇ ਓਸਦਾ ਨਾਓਂ ਲੈਂਦੇ, ਸਭੇ ਤਾਰਦੇ ਭਲੇ ਤੇ ਬੁਰੇ ਜਾਂਦੇ।

ਸ਼ਾਮ ਢਲੇ ਤੋਂ ਠਹਿਰਦੀ ਠਾਹਰ ਜਿਥੇ, ਲਾਵੇ ਵੇਈਂ ਦੇ ਵਿੱਚ ਦੀਵਾਨ ਬਾਬਾ।





ਕਾਵਿ-ਕੀਰਤੀ-ਕਥਾ ਇਤਿਹਾਸ ਵਿੱਚੋਂ, ਨਾਲ਼ ਪ੍ਰੇਮ ਦੇ ਕਰੇ ਵਿਖਿਆਨ ਬਾਬਾ।
ਗੁੱਝੇ ਰਾਹਾਂ ਦੇ ਖੋਹਲਦਾ ਭੇਦ ਗੁੱਝੇ, ਨਵੀਂ ਛੇੜਦਾ ਧਾਰਨਾ ਤਾਨ ਬਾਬਾ।
ਥੱਕ ਹਾਰ ਕੇ ਬੈਠਿਆਂ ਸੇਵਕਾਂ ਨੂੰ, ਕਰ ਤਾਜ਼ਿਆਂ ਫੂਕਦਾ ਜਾਨ ਬਾਬਾ।
ਭਾਗਾਂ ਵਾਲੜੇ ਮਾਣਦੇ ਮਜਲਿਸਾਂ ਨੂੰ, ਲਾਵੇ ਬੈਠਕੇ ਖੁੱਲ੍ਹੇ ਅਸਮਾਨ ਬਾਬਾ।
'ਵਾਟਾਂ ਵਾਲੀਆ' ਤਾਰਦੈ ਮਾਹਤੜਾਂ ਨੂੰ, ਜਦੋਂ ਲਾਂਵਦਾ ਸੁਰਤ ਧਿਆਨ ਬਾਬਾ।

## ਵੇਈਂ ਦੇ ਗੀਤ

ਪਾਣੀ ਉੱਤੇ ਵੀ ਜੋੜ ਲਏ ਗੀਤ ਬਾਬੇ, ਮਿੱਠੇ ਬੋਲਾਂ ਦੇ ਨਾਲ਼ ਸੁਣਾਂਵਦਾ ਈ।
ਹੋਵੇ ਜਿਥੇ ਸਫ਼ਾਈ ਖ਼ੁਦਾਈ ਉਥੇ, ਮਨ ਮੋਹਣੀਆਂ ਧਾਰਨਾ ਲਾਂਵਦਾ ਈ।
ਜਿਵੇਂ ਅੰਨ ਹੁੰਦਾ, ਉਵੇਂ ਮਨ ਹੁੰਦਾ, ਗੂੜ੍ਹ ਗਿਆਨ ਦਾ ਸਾਰ ਸਮਝਾਂਵਦਾ ਈ।
ਰਾਤੀਂ ਸੋਹਲੜਾ ਤੜਕੇ ਨੂੰ ਵਾਰ ਆਸਾ, ਪੰਜ-ਬਾਣੀਆਂ ਜਾਪ ਜਪਾਂਵਦਾ ਈ।
'ਵਾਟਾਂ ਵਾਲੀਆ' ਓਸ ਦੇ ਹੁਕਮਨਾਮੇ, ਉਸੇ ਆਸਰੇ ਹੁਕਮ ਵਜਾਂਵਦਾ ਈ।

# ਵੇਈਂ ਦੀ ਕਾਇਆ ਕਲਪ ਹੋਣਾ

ਸੰਤ ਘਾਟ ਤੋਂ ਬੇਰ ਸਾਹਿਬ ਤੀਕਰ, ਸਭੇ ਰੰਗਾਂ ਦੇ ਰੁੱਖ ਲਗਾਏ ਸੋਹਣੇ।
ਪਿੱਪਲ, ਜਾਮਣਾਂ, ਬੋਹੜ ਤੇ ਪਿਲਕਣਾ ਦੇ, ਬੁੱਢੇ ਰੁੱਖੜੇ ਸਾਂਭ ਬਚਾਏ ਸੋਹਣੇ।




ਫੁੱਲ ਗੇਂਦੇ, ਗੁਲਾਬ, ਤੇ ਡੇਲੀਏ ਦੇ, ਵੇਲਾਂ, ਕਲੀਆਂ ਸੰਗ ਸੁਹਾਏ ਸੋਹਣੇ।
ਗੋਲ ਗਮਲਿਆਂ ਅਤੇ ਕਿਆਰੀਆਂ ਦੇ, ਗੜ੍ਹ ਸ਼ੰਕਰੋਂ ਪੱਥਰ ਮੰਗਾਏ ਸੋਹਣੇ।
ਸ਼ਿਲਪਕਾਰਾਂ-ਉਸਤਾਦਾਂ ਨੇ ਚਿਣੇ ਪੱਥਰ, ਪ੍ਰੇਮ-ਭਾਵਾਂ ਦੇ ਨਾਲ਼ ਚਿਣਾਏ ਸੋਹਣੇ।

ਬਿਰਥੀ ਜਾਏ ਨਾ ਘਾਲਣਾ ਤਿਲ ਮਾਤਰ, ਤਪ-ਸਾਧਨਾ-ਸਤ, ਫਲ ਪਾਏ ਸੋਹਣੇ।
ਕਰਾਂ ਸਿਫ਼ਤ ਕੀ ਬਾਬੇ ਦੇ ਕਾਰਜਾਂ ਦੀ, ਪਰਿਆਵਰਣ ਆਦਰਸ਼ ਦਿਖਾਏ ਸੋਹਣੇ।
'ਵਾਟਾਂ ਵਾਲੀਆ' ਸੇਵਾ ਵੀ ਕਰਨ ਉਹੋ, ਭਾਗ ਮੱਥੇ ਦੇ ਜਿਹਨਾਂ ਲਿਖਾਏ ਸੋਹਣੇ।

## ਧਨੋਏ ਦੀ ਸੇਵਾ ਦੀ ਸ਼ੁਰੂਆਤ ਅਤੇ ਮੁਸ਼ਕਲਾਂ

ਲੋਧੀ ਨਾਨਕ ਦੀ ਸਵਰਗ ਬਣਾਉਣ ਪਿੱਛੋਂ, ਜਾਏ ਵਿੱਚ ਧਨੋਆ ਦੇ ਲਾਏ ਡੇਰੇ।
ਹਿੰਮਤਪੁਰਾ, ਅਵਾਣਾ, ਪਿਰੋਜ ਰੌਲੀ, ਪਿੰਡੋ-ਪਿੰਡ ਸੀ ਕਬਜ਼ਿਆਂ ਖੇਤ ਘੇਰੇ।








ਗੰਦੇ ਪਾਣੀ ਦੇ ਹੱਲ ਜੇ ਹੋਣ ਏਦਾਂ, ਹੱਲ ਹੋਣ ਜੇ ਕਿਤੇ ਨਿਕਾਸੀਆਂ ਦੇ।
ਸ਼ਾਲਾ! ਫਾਹੀ ਤੋਂ ਛੁੱਟ ਜਾਏ ਅੰਨ-ਦਾਤਾ, ਰੱਸੇ ਗਲਾਂ ਚੋਂ ਲਹਿਣਗੇ ਫਾਂਸੀਆਂ ਦੇ।
ਖੁਸ਼ੀ ਆਵੇਗੀ ਲਟਕਦੇ ਚਿਹਰਿਆਂ ਤੇ, ਖੇੜੇ ਪਰਤਣੇ ਦੇਸ਼ ਦੇ ਵਾਸੀਆਂ ਦੇ।
ਜੱਗ ਹੋਣਾ ਸਰਾਪ ਤੋਂ ਮੁਕਤ ਸਾਰਾ, ਵੇਲੇ ਆਉਣਗੇ ਪਲਟਕੇ ਹਾਸੀਆਂ ਦੇ।

ਸ਼ਾਲਾ! ਇਹੋ ਸਰਾਪ ਵਰਦਾਨ ਹੋਵੇ, ਖਾਦਾਂ ਜ਼ਹਿਰਾਂ ਤੋਂ ਬਿਨਾਂ ਹੀ ਅੰਨ ਹੋਵੇ।



ਤੰਦਰੁਸਤੀਆਂ ਪਰਤ ਕੇ ਆਉਣ ਸਾਰੇ, ਸੱਚੀ ਕਿਰਤ 'ਚੋਂ ਬੰਦਾ ਪ੍ਰਸੰਨ ਹੋਵੇ।
ਪੈਸਾ ਦੇਸ਼ ਦਾ ਬਾਹਰ ਨਾ ਜਾਏ ਵਾਧੂ, ਲੋੜਵੰਦਾਂ ਲਈ ਲੋੜੀਂਦਾ ਧੰਨ ਹੋਵੇ।
'ਵਾਟਾਂ ਵਾਲੀਆ' ਧਰਤ-ਪ੍ਰਕਿਰਤ ਵੱਸੇ, ਵੱਸੇ-ਰੱਸੇ ਤੇ ਸਦਾ ਸੰਪੰਨ ਹੋਵੇ।

## ਹੋਰ ਨੌਜਵਾਨਾਂ ਦਾ ਬਾਬੇ ਦੇ ਕਾਫ਼ਲੇ ਵਿੱਚ ਸ਼ਾਮਿਲ ਹੋਣਾ

ਚੜ੍ਹਿਆ ਕਾਫ਼ਲਾ ਪੱਛਮੋਂ ਪਹਾੜ ਵੱਲੇ, ਚੜ੍ਹੇ ਜੋਸ਼ ਤੇ ਵੱਡੇ ਇਰਾਦਿਆਂ ਨਾਲ਼।

ਦਰਾਂ-ਘਰਾਂ ਨੂੰ ਛੱਡ ਜੁਵਾਨ ਆਏ, ਆਣ ਰਲ਼ੇ ਨੇ ਸੱਚਿਆਂ ਬਾਬਿਆਂ ਨਾਲ਼।
ਸਿੱਖੀ ਫ਼ਲਸਫ਼ਾ ਧਾਰਿਆ ਮਨਾਂ ਅੰਦਰ, ਸਾਂਝ ਸਾਧਾਂ ਦੇ ਦਾਲ਼ ਪ੍ਰਸ਼ਾਦਿਆਂ ਨਾਲ਼।
ਤਨ ਰੰਗਿਆ ਗੇਰੂਏ ਬਸਤਰਾਂ ਨਾਲ਼, ਮਨ ਰੰਗਿਆ ਰੱਬ ਅਰਾਧਿਆ ਨਾਲ਼।
ਸੋਹਣੇ ਸ਼ੈਲ-ਜੁਆਨ, ਸਡੌਲ-ਚੋਬਰ, ਤਾਬ ਉਹਨਾਂ ਦੀ ਰਲ਼ੇ ਸ਼ਹਿਜ਼ਾਦਿਆਂ ਨਾਲ਼।
'ਵਾਟਾਂ ਵਾਲੀਆ' ਵਾਂਗ ਦਰਿਆ ਵੱਗਣ, ਨਹੀਓਂ ਥੱਕਦੇ ਪੈਂਡਿਆਂ ਪਾਧਿਆਂ ਨਾਲ਼।

ਉਹੀ ਘਰਾਂ ਨੂੰ ਛੱਡ ਕੇ ਆਣ ਪਹੁੰਚੇ, ਜਿਹਨਾਂ ਭੇਦ ਸੰਸਾਰ ਦਾ ਜਾਣਿਆਂ ਸੀ।
ਤਾਣਾ-ਬਾਣਾ ਤੇ ਪਰਖ ਲਏ ਤੰਦ ਕੱਚੇ, ਦੁੱਧ ਪਾਣੀਓਂ ਪਰਖ ਕੇ ਛਾਣਿਆਂ ਸੀ।
ਓਹੋ ਖਾਂਵਦੇ ਕਦੋਂ ਅੰਗੂਰ ਖੱਟੇ, ਮਿੱਠੇ ਮੇਵੇ ਨੂੰ ਜਿਹਨਾਂ ਨੇ ਮਾਣਿਆਂ ਸੀ।
ਓਹੋ ਘਰਾਂ ਦਾ ਆਸਰਾ ਲੈਣ ਕਿਥੋਂ, ਨੀਲੀ ਛੱਤ ਦਾ ਆਸਰਾ ਤਾਣਿਆਂ ਸੀ।
ਉਨ੍ਹਾਂ ਸਿਦਕ ਤੇ ਸਿਰੜ ਦੀ ਸਾਣ ਉੱਤੇ, ਆਪਾ ਆਪਣਾ ਆਪ ਹੀ ਸ੍ਹਾਣਿਆਂ ਸੀ।
'ਵਾਟਾਂ ਵਾਲੀਆ' ਤਿਨ੍ਹਾਂ ਦੇ ਭਾਗ ਵੱਡੇ, ਵੱਡਾ ਵੱਡਿਓਂ ਜਿਹਨਾਂ ਵਖਾਣਿਆਂ ਸੀ।

## ਧਨੋਆ ਤੋਂ ਉਰੇ ਵੇਈਂ ਦੇ ਹਾਲਾਤ

ਵੇਈਂ ਨਾਲ਼ੇ ਦੇ ਵਿੱਚ ਤਬਦੀਲ ਉਦੋਂ, ਵਿੱਚ ਗੰਦਗੀ ਢੇਰਾਂ ਦੇ ਢੇਰ ਲੋਕਾ।
ਚਾਲੀ ਪਿੰਡਾਂ ਦੇ ਪੈਣ ਵਹੀਣ ਵਿੱਚੇ, ਛੇਆਂ ਸ਼ਹਿਰਾਂ ਦਾ ਗੰਦ-ਗੁਬੇਰ ਲੋਕਾ।








ਪਸ਼ੂ ਮਰਣ ਤਾਂ ਸੁੱਟਦੇ ਆਣ ਵਿੱਚੇ, ਸਮਾਂ ਬੀਤਿਆ ਹੋ ਗਈ ਦੇਰ ਲੋਕਾ।
ਸਿੱਖੀ ਸਿੱਖਿਆ ਸਿੱਖ ਇਤਿਹਾਸ ਭੁੱਲੇ, ਯੁੱਗ ਗ਼ਰਦੀਆਂ ਪਿਆ ਹਨੇਰ ਲੋਕਾ।
ਭਾਂਪ ਗਏ ਹਜ਼ੂਰ ਹਾਲਾਤ ਸਾਰੇ, ਅੰਧਕਾਰ ਤੋਂ ਹੋਈ ਸਵੇਰ ਲੋਕਾ।

ਵਹੀਣ ਰੋਕਕੇ ਕੀਤੇ ਪ੍ਰਬੰਧ ਪਹਿਲੋਂ, ਹੋਕਾ ਮਾਰਿਆ ਜਗਤ ਨੂੰ ਫੇਰ ਲੋਕਾ।
ਪਿੰਡ-ਪੱਧਰੀ ਲੋਕ ਪ੍ਰਚਾਰ ਕੀਤਾ, ਜਾਗਰੂਕਤਾ ਜਗਾਈ ਚੁਫ਼ੇਰ ਲੋਕਾ।
'ਵਾਟਾਂ ਵਾਲੀਆ' ਲੋਕ ਕਪਾਟ ਖੁੱਲ੍ਹੇ, ਭਾਵੇਂ ਖੁੱਲ੍ਹੇ ਆ ਦੇਰ-ਸਵੇਰ ਲੋਕਾ।

## ਲੋਕਾਂ ਵਿੱਚ ਚੇਤਨਾ ਪੈਦਾ ਕਰਨਾ

ਬੁੱਧੀਜੀਵੀ ਪੰਜਾਬ ਦੇ ਨਾਲ਼ ਲੈ ਕੇ, ਬਾਬੇ ਲੋਕਾਂ ਤਾਈਂ ਸਮਝਾਉਣ ਲੱਗੇ।
ਜਿਹੜੇ ਜਾਣ-ਅਣਜਾਣ-ਅਣਭੋਲ ਬੈਠੇ, ਪੰਜ-ਆਬੀਆਂ ਤਾਈਂ ਜਗਾਉਣ ਲੱਗੇ।
ਪਾਣੀ-ਬਾਣੀ ਇਤਿਹਾਸ ਦੇ ਸੋਮਿਆਂ ਦੀ, ਕੜੀ-ਕੜੀ ਦੀ ਸਾਂਝ ਦਰਸਾਉਣ ਲੱਗੇ।






ਹੋਕਾ ਮਾਰ ਪੰਜਾਬ ਦੇ ਵਾਰਸਾਂ ਨੂੰ, ਪਿੰਡੋ-ਪਿੰਡ ਦਾ ਬੂਹਾ ਖੜਕਾਉਣ ਲੱਗੇ।

ਵਿੱਚ ਲੋਕਾਂ ਦੇ ਚੇਤਨਾ ਜਾਗ ਉੱਠੀ, ਫੇਰ ਖ਼ੌਲਿਆ ਖ਼ੂਨ ਪੰਜਾਬੀਆਂ ਦਾ।
ਹੱਕ-ਸੱਚ ਦੀ ਖ਼ਾਤਿਰੋਂ ਖੜ੍ਹਨ ਵਾਲੇ, ਕਦੋਂ ਸਹਿੰਦੇ ਨੇ ਵਕਤ ਖਰਾਬੀਆਂ ਦਾ।
ਮਾਂ ਮਿੱਟੀ ਦੀ ਖ਼ਾਤਿਰੋਂ ਮਰਨ ਵਾਲੇ, ਹਿਸਾਬ ਲੈਂਦੇ ਨੇ ਵੱਡੇ ਹਿਸਾਬੀਆਂ ਦਾ।
'ਵਾਟਾਂ ਵਾਲੀਆ' ਮਾਰਨੀ ਮੱਲ ਵੱਡੀ, ਕੰਮ ਸ਼ੁਰੂ ਤੋਂ ਰਿਹਾ ਪੰਜਾਬੀਆਂ ਦਾ।

## ਪੰਜਾਬੀਆਂ ਦੀ ਏਕਤਾ ਅਤੇ ਇਤਿਹਾਸ

ਇੱਕਜੁੱਟਤਾ ਏਕਤਾ ਬੜੀ ਵੱਡੀ, ਪੁੱਟ ਦੇਂਦੀ ਇਹ ਰਾਜ-ਦਰਬਾਰ ਵੱਡੇ।
ਏਕਾ ਜਦੋਂ ਵੀ ਹੋਇਆ ਪੰਜਾਬੀਆਂ ਦਾ, ਯੁੱਗ ਪਲਟਵੇਂ ਹੋਏ ਪਰਹਾਰ ਵੱਡੇ।
ਅਣਹੋਣੀਆਂ ਹੋਣ ਆਸਾਨ ਉਦੋਂ, ਮੂਹਰੇ ਅੜੇ ਨਾ ਖੜ੍ਹੇ ਸਰਕਾਰ ਵੱਡੇ।
ਬੜੇ ਇਨ੍ਹਾਂ ਨੇ ਫਤਹਿ ਮੈਦਾਨ ਕੀਤੇ, ਸੂਰਬੀਰ ਇਹ ਸ਼ਾਹੇ-ਅਸਵਾਰ ਵੱਡੇ।
ਭਾਵੇਂ ਪੁੱਛ ਲਓ ਅੜੇ ਅਬਦਾਲੀਆਂ ਤੋਂ, ਉਹ ਵੀ ਜਾਣਦੇ ਖੰਡੇ ਦੇ ਵਾਰ ਵੱਡੇ।
ਕਿਵੇਂ ਉਖੇੜਿਆ ਮੁਗ਼ਲ ਦਰਬਾਰ ਪੁੱਛੋ ? ਜੜ੍ਹੋਂ ਖੇੜਤੇ ਖੜ੍ਹੇ ਮੀਨਾਰ ਵੱਡੇ।

ਪੁੱਛੋ ਜਿਹੜੇ ਅੰਗਰੇਜ਼ਾਂ ਨੇ ਹੱਥ ਵੇਖੇ, ਨਾਸੀਂ ਚਾੜ੍ਹਦੇ ਧੂੰਏਂ ਸਰਦਾਰ ਵੱਡੇ।
ਅੱਜ ਫੇਰ ਪੰਜਾਬੀਆਂ ਇੱਕ ਹੋ ਕੇ, ਪਾਏ ਪੂਰਨੇ ਕਾਜ ਸਵਾਰ ਵੱਡੇ।
ਜਦੋਂ ਇਨ੍ਹਾਂ ਨੂੰ ਮਿਲੇ ਅਗਵਾਈ ਕਰਤਾ, ਕਈ ਸੂਰਮੇ ਸੰਤ ਕਿਰਦਾਰ ਵੱਡੇ।
'ਵਾਟਾਂ ਵਾਲੀਆ' ਹੇਠਲੀ ਕਰਨ ਉੱਤੇ, ਜੱਗ ਜਾਣਦਾ ਏਹੇ ਜੁਝਾਰ ਵੱਡੇ।

## ਪੰਜਾਬੀਆਂ ਦੀ ਅਗਵਾਈ

ਸ਼ਾਲਾ ਇਨ੍ਹਾਂ ਨੂੰ ਮਿਲਣ ਅਗਵਾਨ ਚੰਗੇ, ਮਹਾਰਾਜ ਰਣਜੀਤ ਸਰਕਾਰ ਜਿਹੇ।
ਸਾਧੂ ਇਨ੍ਹਾਂ ਨੂੰ ਮਿਲਣ ਬਲਬੀਰ ਜਿਹੇ, ਗੁਰੂ ਨਾਨਕ ਤੇ ਗੋਬਿੰਦ ਅਵਤਾਰ ਜਿਹੇ।
ਬੰਦਾ ਸਿੰਘ ਬਹਾਦਰ ਜਿਹੇ ਮਿਲਣ ਯੋਧੇ, ਯੋਧੇ ਊਧਮ ਤੇ ਭਗਤ ਸਰਦਾਰ ਜਿਹੇ।
ਮਿਲੇ ਅੰਮੜੀ, ਗੁਜਰੀ, ਮਾਈ ਭਾਗੋ, ਬਾਪੂ ਤੇਗ਼ ਬਹਾਦਰ ਬਲਕਾਰ ਜਿਹੇ।

ਦੀਪ ਸਿੰਘ ਜਿਹੇ ਇਨ੍ਹਾਂ ਨੂੰ ਮਿਲਣ ਬਾਬੇ, ਨਾਲ਼ ਹੋਣੀਆਂ ਹੱਸਕੇ ਲੜਨ ਵਾਲੇ।
ਸ਼ਾਮ ਸਿੰਘ ਸਰਦਾਰ ਅਟਾਰੀਆਂ ਜਿਹੇ, ਜੋ ਸੀ ਸ਼ੇਰਾਂ ਦੀ ਹਿੱਕ ਤੇ ਚੜ੍ਹਨ ਵਾਲੇ।
ਫ਼ੌਜ ਮਿਲੇ ਤਾਂ ਖ਼ਾਲਸਾ ਫ਼ੌਜ ਜੇਹੀ, ਸੂਰੇ ਹੋਣ ਜੋ ਚੰਡੀਆਂ ਪੜ੍ਹਨ ਵਾਲੇ।

ਦੇਸ਼ ਕੌਮ ਦੀ ਖ਼ਾਤਿਰੋਂ ਜਬਰ ਅੱਗੇ, ਦੋ ਧਾਰੀਆਂ ਹੱਥ ਵਿੱਚ ਫੜਨ ਵਾਲੇ।

ਜਿਹੜੇ ਮੋੜ ਤੇ ਮਿਲੀ ਅਗਵਾਈ ਚੰਗੀ, ਨਾਲ ਖ਼ੂਨ ਦੇ ਲਿਖੇ ਇਤਿਹਾਸ ਇਹਨਾਂ।
ਕਿੰਨੇ ਮੱਸਿਆਂ-ਜਾਬਰਾਂ-ਜ਼ਾਲਮਾਂ ਦੇ, ਕੀਤੇ ਕੰਮ ਤਾਮਾਮ-ਖ਼ਲਾਸ ਇਹਨਾਂ।
ਲਿਖੀ ਇਨ੍ਹਾਂ ਨੇ ਵੱਖਰੀ ਵੀਰ-ਗਾਥਾ, ਬਸ ਲਿਖੀ ਤੇ ਲਿਖੀ ਇਹ ਖ਼ਾਸ ਇਹਨਾਂ।
ਕੀਤੀ ਸਦਾ ਸਰਬੱਤ ਦੇ ਭਲੇ ਵਾਲੀ, 'ਵਾਟਾਂ ਵਾਲੀਆ' ਭਲੀ ਅਰਦਾਸ ਇਹਨਾਂ।

## ਸਿੱਖ ਇਤਿਹਾਸ ਦਾ ਸਫ਼ਰ ਤੇ ਸਿੱਖੀ

ਗੱਲ ਤੋਰੀਏ ਸਿੱਖੀ ਦੇ ਸਫ਼ਰ ਵਾਲੀ, ਗੁਰੂ ਕਾਲ ਤਾਂ ਬੜਾ ਮਹਾਨ ਦਿਸੇ।
ਚੜ੍ਹਦੀ ਕਲਾ ਦਾ ਦੌਰ ਸੀ ਓਸ ਵੇਲੇ, ਉੱਚੀ ਪਰਬਤੋਂ ਏਸਦੀ ਸ਼ਾਨ ਦਿਸੇ।
ਪਿੱਛੋਂ ਗੁਰੂ ਨੇ ਖ਼ਾਲਸਾ ਸਿਰਜ ਦਿੱਤਾ, ਹੱਥ ਖ਼ਾਲਸੇ ਖੰਡਾ ਕ੍ਰਿਪਾਨ ਦਿਸੇ।
ਆਈਆਂ ਔਲ਼ੀਆਂ ਸਿਰਾਂ ਦੇ ਮੁੱਲ ਪੈਂਦੇ, ਲਾਲੀ ਖ਼ੂਨ ਦੀ ਚੜ੍ਹੀ ਅਸਮਾਨ ਦਿਸੇ।
ਸਿੱਖ ਰਾਜ ਦਾ ਫੇਰ ਵਿਸਥਾਰ ਹੋਇਆ, ਝੰਡੇ ਝੂਲਦੇ ਚੜ੍ਹੇ ਨਿਸ਼ਾਨ ਦਿਸੇ।
ਪਿੱਛੋਂ ਆਪਸੀ ਫੁੱਟ ਦਾ ਦੌਰ ਆਇਆ, ਢਹਿੰਦੀ-ਕਲਾ ਹੀ ਏਸ ਦਰਮਿਆਨ ਦਿਸੇ।

ਸਮਾਂ ਹੋਰ ਵੀ ਨੇੜਲਾ ਵੇਖੀਏ ਤਾਂ, ਸਿੱਖ ਵਲਗਣਾਂ ਵਿੱਚ ਹੀ ਘਿਰੇ ਜਾਪੇ।
ਛਿੜੀ ਧਰਮ ਦੇ ਨਾਮ ਤੇ ਰਾਜਨੀਤੀ, ਸਿੱਖ ਸਿੱਖੀਓਂ ਭਟਕਦੇ ਫਿਰੇ ਜਾਪੇ।
ਧੜੇ-ਬਾਜ਼ੀਆਂ ਵਿੱਚ ਗ਼ਲਤਾਨ ਹੋ ਕੇ, ਉਹੋ ਮੂਲ-ਅਸੂਲ ਤੋਂ ਗਿਰੇ ਜਾਪੇ।
ਬੂਟੇ ਸਿੱਖੀ ਨੂੰ ਜਾਪੇ ਜਿਉਂ ਘੁਣਾ ਲੱਗਾ, ਜੜ੍ਹਾਂ-ਕੂੰਬਲਾਂ ਸੁੱਕਦੇ ਸਿਰੇ ਜਾਪੇ।
ਕੰਡੇ ਬਣੇ ਪ੍ਰਧਾਨ ਸੀ ਟਾਹਣੀਆਂ 'ਤੇ, ਫੁੱਲ ਮਹਿਕਦੇ ਟਾਹਣੀਓਂ ਕਿਰੇ ਜਾਪੇ।
'ਵਾਟਾਂ ਵਾਲੀਆ' ਚਿਰਾਂ ਤੋਂ ਲਗਰ ਫੁੱਟੀ, ਪੱਤੇ ਜੇਸਦੇ ਹਰੇ ਤੇ ਥਿਰੇ ਜਾਪੇ।

## ਸੇਵਾ ਵਿੱਚ ਲੋਕਾਂ ਦੇ ਅਣਥੱਕ ਯਤਨ ਅਤੇ ਮਨੋਦਸ਼ਾ

ਲੋਕਾਂ ਤੱਕਿਆ ਬਾਬੇ ਦੇ ਹੌਂਸਲੇ ਨੂੰ, ਤੱਕ-ਤੱਕ ਕੇ ਜਾਣ ਕੁਰਬਾਨ ਲੋਕੀਂ।
ਮਾਈ-ਭਾਈ, ਬੁੱਢੇ-ਜੁਵਾਨ-ਬੱਚੇ, ਪੂਰਾ ਲਾਂਵਦੇ ਜਿਸਮ ਦਾ ਤਾਣ ਲੋਕੀਂ।
ਕੱਚ-ਕੰਡਿਆਂ ਪੈਰਾਂ ਨੂੰ ਪਾੜ ਖਾਧਾ, ਸੱਪਾਂ ਡੰਗਿਆ ਤਾਂ ਵੀ ਅਣਜਾਣ ਲੋਕੀਂ।
ਜਪ ਜਾਪਦੇ ਵਾਹਿਗੁਰੂ ਨਾਮ ਸੱਚਾ, ਸੇਵਾ ਕਰਦਿਆਂ ਪਰਮ ਨੂੰ ਪਾਣ ਲੋਕੀਂ।
ਨਿੱਤ ਹੋਂਵਦਾ ਵੇਈਂ 'ਤੇ ਇਕੱਠ ਭਾਰੀ, ਇੱਕ ਆਉਣ ਉਥੇ ਇੱਕ ਜਾਣ ਲੋਕੀਂ।
ਇੱਕ ਦੋਸ਼ ਸਰਕਾਰਾਂ ਨੂੰ ਦੇਣ ਸਾਰਾ, ਇੱਕ ਉਂਗਲਾਂ ਪਏ ਉਠਾਣ ਲੋਕੀਂ।

ਹਾਕਮ ਹਿੱਲ ਗਏ ਵੱਡੇ ਸਿੰਘਾਸਣਾਂ ਤੋਂ, ਹੱਥੀਂ ਸੁਹੇੜ ਕੇ ਜਦੋਂ ਪਛਤਾਣ ਲੋਕੀਂ।
'ਵਾਟਾਂ ਵਾਲੀਆ' ਬੜਾ ਕਮਜ਼ੋਰ ਢਾਂਚਾ, ਪਾਰੋਂ ਜੀਹਦਿਓਂ ਦਰਦ ਹੰਢਾਂਣ ਲੋਕੀਂ।



# ਲੋਕ ਲਹਿਰ ਦੀ ਗੂੰਜ ਦਾ ਅਸਰ

ਲੋਕ ਲਹਿਰ ਨੇ ਫ਼ਤਿਹ ਦਾ ਚਾੜ੍ਹ ਝੰਡਾ, ਏਸ ਗੱਲ ਨੂੰ ਜਿਵੇਂ ਦਰਸਾਇ ਦਿੱਤਾ।
ਕੁੰਭਕਰਨ ਦੇ ਸੁੱਤਿਆਂ ਵਾਰਸਾਂ ਨੂੰ, ਹੱਲਾ ਮਾਰ ਹਲੂਣ ਜਗਾਇ ਦਿੱਤਾ।
ਅੱਖੋਂ ਅੰਨ੍ਹੀਆਂ ਬੋਲੀਆਂ ਤਾਕਤਾਂ ਨੂੰ, ਹੋਕਾ ਸੱਚ ਦਾ ਫੇਰ ਸੁਣਾਇ ਦਿੱਤਾ।
ਪੌਣ-ਪਾਣੀ ਤੇ ਧਰਤ ਦਾ ਹਾਲ ਜਿਹੜਾ, ਵਾਤਾਵਰਣ ਦਾ ਪੱਖ ਸਮਝਾਇ ਦਿੱਤਾ।






ਲੋਕ ਲਹਿਰ ਨੂੰ ਵੇਖ ਕੇ ਜਿਵੇਂ ਜਾਣੋ, ਜੰਗ ਲੱਗੇ ਪ੍ਰਸ਼ਾਸਨੀ ਅੰਗ ਹਿੱਲੇ।
ਨਾਲ਼ੇ ਹਿੱਲ ਪਏ ਮਾਨ-ਈਮਾਨ ਵਾਲੇ, ਚੜ੍ਹੇ-ਚੌਧਰੀ ਅਤੇ ਮਲੰਗ ਹਿੱਲੇ।
ਘੇਸਲ ਮਾਰ ਕੇ ਬੈਠਿਆਂ ਅਫ਼ਸਰਾਂ 'ਚੋਂ, ਕੋਈ ਢੰਗਾ ਤੇ ਕੋਈ ਬੇਢੰਗ ਹਿੱਲੇ।
'ਵਾਟਾਂ ਵਾਲੀਆ' ਕੁਰਸੀਆਂ, ਮੇਜ ਹਿੱਲੇ, ਮੰਜੇ, ਪੀੜ੍ਹੀਆਂ ਅਤੇ ਪਲੰਘ ਹਿੱਲੇ।

## ਲੋਕ ਲਹਿਰ ਦੀ ਜਿੱਤ

ਗੂੰਜ ਸੇਵਾ ਦੀ ਦੂਰ ਤੱਕ ਜਾਣ ਲੱਗੀ, ਤੱਕ ਮੰਤਰੀ ਸੰਤਰੀ ਆਉਣ ਲੱਗੇ।
ਭਲੇ ਲੋਕਾਂ ਨੇ ਆਪਣੀ ਦੇਣ ਦਿੱਤੀ, ਇਥੇ ਆਣ ਕੇ ਹੱਥ ਵਟਾਉਣ ਲੱਗੇ।
ਸਭੇ ਔਕੜਾਂ-ਫਾਂਕੜਾਂ ਦੂਰ ਹੋਈਆਂ, ਸੂਰੇ ਜਿੱਤ ਦਾ ਨਾਦ ਵਜਾਉਣ ਲੱਗੇ।
ਮੋਈ ਵੇਈਂ ਨੂੰ ਜਿਉਂਦਿਆਂ ਕਰਨ ਲੱਗੇ, ਕੁੱਠੇ ਅੰਗਾਂ ਨੂੰ ਫੇਰ ਧੜਕਾਉਣ ਲੱਗੇ।
ਸਾਰੀ ਵੇਈਂ 'ਚੋਂ ਕੱਢਕੇ ਗੰਦਗੀ ਨੂੰ, ਸਾਫ਼ ਪਾਣੀ ਬਹਾਲ ਕਰਵਾਉਣ ਲੱਗੇ।
'ਵਾਟਾਂ ਵਾਲੀਆ' ਅਵੱਲੜਾ **ਪਿਰਤਨਾਮਾ** ਯੁੱਗ ਚੇਤਨਾ ਨਵੀਂ ਫੈਲਾਉਣ ਲੱਗੇ।




## ਵੇਈਂ ਵਿੱਚ ਸਾਫ਼ ਪਾਣੀ ਦੀ ਬਹਾਲੀ

ਸਾਫ਼ ਪਾਣੀ ਦੀ ਥੁੜੋਂ ਸੀ ਅਹਿਮ ਮੁੱਦਾ, ਪਾਉਣਾ ਪਿਆ ਸੀ ਸਾਈਫਨਾਂ ਨਾਲ਼ ਪਾਣੀ।
ਵਹਿਣ ਪਾਣੀ ਦਾ ਬੂਟੀਆਂ ਬੰਦ ਕੀਤਾ, ਹੋਇਆ ਮੁਸ਼ਕਿਲਾਂ ਨਾਲ ਬਹਾਲ ਪਾਣੀ।
ਪੈਂਡੇ ਉੱਖੜੇ, ਉੱਖੜੀ ਰਾਹ ਔਖੀ, ਔਖਾ ਬੰਨ੍ਹਣਾ ਬੰਨ੍ਹਾਂ ਦੇ ਨਾਲ਼ ਪਾਣੀ।
ਛੰਭ ਪੁੱਟ ਕੇ ਕੀਤੇ ਜਲਗਾਹ ਡੂੰਘੇ, ਹੌਲੀ ਚੱਲਿਆ ਅਜੇ ਸੀ ਚਾਲ ਪਾਣੀ।





ਸਿਰੜ ਪੁੱਟਦਾ ਪਹਾੜ ਫ਼ਰਹਾਦ ਵਾਂਗੂੰ, ਲੈ ਕੇ ਵੰਝਣਾ ਉਥੇ ਹਰ ਹਾਲ ਪਾਣੀ।
'ਵਾਟਾਂ ਵਾਲੀਆ' ਪਾਣੀ ਅਣਮੁੱਲ ਸੋਮਾ, ਪਾਣੀ ਪਾਕ-ਪਵਿੱਤ-ਜਮਾਲ ਪਾਣੀ।

## ਪਾਣੀ

ਸੱਤਰ ਫੀਸਦੀ ਧਰਤ ਦਾ ਭਾਗ ਪਾਣੀ, ਏਸ ਪਾਣੀ ਦਾ ਅਜਬ ਵਿਖਿਆਨ ਬੰਦੇ।
ਕਦੇ ਖੌਲਦਾ ਵਿੱਚ ਸਮੁੰਦਰਾਂ ਦੇ, ਕਦੇ ਵਿੱਚ ਟਿਕਾਉ ਵਿਦਮਾਨ਼ ਬੰਦੇ।
ਰੂਪ ਧਾਰ ਕੇ ਕਾਲਿਆਂ ਬੱਦਲਾਂ ਦਾ, ਕਦੇ ਉੱਡਦਾ ਵਿੱਚ ਅਸਮਾਨ ਬੰਦੇ।

ਕਦੇ ਵਰਸਦਾ ਧਰਤ-ਪ੍ਰਕਿਰਤ ਉੱਤੇ, ਜਿਵੇਂ ਵਰਸਦਾ ਕੋਈ ਵਰਦਾਨ ਬੰਦੇ।

ਕਦੇ ਰੂਪ ਵਿਕਰਾਲ ਵੀ ਧਾਰ ਲੈਂਦਾ, ਤਾਪਮਾਨ ਵਿੱਚ ਖਾਸ ਤਬਦੀਲੀਆਂ ਤੇ।
ਕਦੇ ਪੌਣਾਂ ਦੇ ਨਾਲ ਇਹ ਪੌਣ ਹੋਵੇ, ਕਦੇ ਜੰਮਦਾ ਚੋਟੀਆਂ-ਟੀਲੀਆਂ ਤੇ।
ਕਦੇ ਧਰਤ ਦੀ ਹਿੱਕ ਨੂੰ ਪਾੜ ਖਾਵੇ, ਕਦੇ ਅਟਕਦਾ ਨੀਕੀਆਂ-ਝੀਲੀਆਂ ਤੇ।
ਕਿੱਦਾਂ ਫੁੱਟ ਕੇ ਚਸ਼ਮਿਓਂ ਨਦੀ ਹੋਵੇ, ਬੱਝੇ ਕਦੇ ਨਾ ਕਿੱਲਿਆਂ-ਕੀਲੀਆਂ ਤੇ।

ਗੱਲ ਆਖਾਂ ਕੀ ਏਸ ਬਹੁਰੂਪੀਏ ਦੀ, ਏਸ ਪਾਣੀ ਦਾ ਅਜਬ ਸਭਾਉ ਅੜਿਆ।
ਯੁੱਗਾਂ-ਯੁੱਗਾਂ ਤੋਂ ਰਿਹਾ ਇਹ ਪੈਂਡਿਆਂ ਤੇ, ਆਇਆ ਕਦੇ ਨਾ ਵਿੱਚ ਠਹਿਰਾਉ ਅੜਿਆ।
ਸਦਾ ਸਿੰਜਦਾ-ਪਾਲਦਾ ਧਰਤ ਸਾਰੀ, ਕੇਹੀ ਏਸ ਨੂੰ ਭੱਜ-ਭਜਾਉ ਅੜਿਆ।
'ਵਾਟਾਂ ਵਾਲੀਆ' ਵਿੱਚ ਪੰਜਾਬ ਪਾਣੀ, ਨਾਉਂ ਏਸ ਦਾ ਪੰਜ-ਦਰਿਆਉ ਅੜਿਆ।



ਇਥੇ ਪੰਜਾਂ ਦਰਿਆਵਾਂ ਦੀ ਧਰਤ ਉੱਤੇ, ਗੁਰਾਂ-ਪੀਰਾਂ ਵੀ ਪੂਜਿਆ ਆਣ ਪਾਣੀ।
ਪੰਜਾਂ ਪਾਣੀਆਂ ਉਤੇ ਪੰਜਾਬ ਵੱਸੇ, ਇਹਦੀ ਜਿੰਦੜੀ ਨੈਣ-ਪ੍ਰਾਣ ਪਾਣੀ।
ਪਾਣੀ ਇਹਨਾਂ ਲਈ ਖਿਜਰ ਪਰਮਾਤਮਾ ਵੀ, ਪਾਣੀ ਇਸ਼ਕ ਤੇ ਹਾਣ-ਪ੍ਰਵਾਣ ਪਾਣੀ।
ਜੀਅ-ਜੰਤ ਪ੍ਰਕਿਰਤ ਦੀ ਜਾਨ ਇਹੋ, ਪਾਣੀ ਇਹਨਾਂ ਲਈ ਮਾਣ-ਅਭਿਮਾਨ ਪਾਣੀ।
ਪਾਣੀ ਵੇਖੀਏ ਅਸੀਂ ਇਤਿਹਾਸ ਵਿੱਚੋਂ, ਅੰਮ੍ਰਿਤ ਪਾਣੀ ਦੇ ਵਿੱਚੋਂ ਤਿਆਰ ਹੋਵੇ।

ਸਾਂਝੀਵਾਲਤਾ ਫ਼ਲਸਫ਼ਾ ਪਾਣੀਆਂ 'ਚੋ ਕਿਵੇਂ ਦੂਈ ਤੋਂ ਇਕ ਓਅੰਕਾਰ ਹੋਵੇ।
ਪਾਣੀ ਐਵੇਂ ਨਹੀਂ ਪੂਜਿਆ ਗੁਰੂ-ਪੀਰਾਂ, ਪਾਣੀ ਵਿੱਚੋਂ ਹੀ ਪੈਦਾ ਸੰਸਾਰ ਹੋਵੇ।
'ਵਾਟਾਂ ਵਾਲੀਆ' ਸਮੇਂ ਸੰਦਰਭ ਅੰਦਰ, ਪਾਣੀ ਉੱਤੇ ਨਾ ਤੀਸਰੀ ਵਾੱਰ ਹੋਵੇ।

## ਵੇਈਂ ਦਾ ਨਵਾਂ ਜੀਵਨ

ਬਦਲ ਗਈ ਏ ਵੇਈਂ ਦੀ ਰੂਪ ਰੇਖਾ, ਚਾਰੇ ਪਾਸੇ ਹੀ ਦਿਸਣ ਖੁਸ਼ਹਾਲੀਆਂ ਜੀ।
ਸੇਮ ਮਾਰੇ ਇਲਾਕੇ 'ਚੋ ਸੇਮ ਮੁੱਕੀ, ਹਲ ਜੋਤ ਲਏ ਆਣ ਕੇ ਹਾਲੀਆਂ ਜੀ।
ਜਲ ਭੂਮੀ ਦੀ ਸਤਹ ਵਿੱਚ ਵਧਣ ਲੱਗਾ, ਨੀਰ ਨਿਕਲਿਆ ਨਲਕਿਆਂ ਖਾਲੀਆਂ ਜੀ।
ਬੀਆਬਾਨ-ਉਜਾੜ-ਆਬਾਦ ਹੋ ਗਏ, ਰਾਹੀਂ ਰੌਣਕਾਂ ਚਹਿ-ਚਹਾਲੀਆਂ ਜੀ।
ਕੋਇਲਾਂ ਕੂਕੀਆਂ ਟਾਹਣ-ਬਰੋਟਿਆਂ ਤੇ, ਰੌਲ਼ਾ ਛੇੜਿਆ ਗਾਲ੍ਹੜਾਂ, ਲਾਲੀਆਂ ਜੀ।
ਵਿੱਚ ਵੇਈਂ ਦੇ ਮੱਛਲੀਆਂ ਪਾਉਣ ਖ਼ੌਰੂ, ਲਾਉਣ ਬੱਤਖਾਂ ਉਲਟ-ਟਪਾਲੀਆਂ ਜੀ।
ਮੱਛੀ ਫੜਨ ਤੇ ਰੋਕ ਦੀ ਮੰਗ ਕੀਤੀ, ਰੋਕਾਂ ਲੱਗੀਆਂ ਅੜਚਣਾਂ ਟਾਲੀਆਂ ਜੀ।
'ਵਾਟਾਂ ਵਾਲੀਆ' ਵੇਈਂ ਪਵਿੱਤ ਸੋਮਾ, ਵਿੱਚ ਕਾਗਜ਼ਾਂ ਹੋਈ ਰਖਵਾਲੀਆਂ ਜੀ।

## ਪੱਤਣ ਬਹਾਲੀ, ਜਲਚਰ ਜੀਵਾਂ ਅਤੇ ਪੰਛੀਆਂ ਦੀ ਵਾਪਸੀ

ਕਾਲੀ ਵੇਈਂ ਬਦਲ ਕੇ ਹੋਈ ਚਿੱਟੀ, ਨਿਰਮਲ ਨੀਰ ਦਾ ਬਣੀ ਭੰਡਾਰ ਭਾਈ।
ਸੀਨੇ ਧਰਤ ਦੇ ਜਲ ਸਮਾਉਣ ਲੱਗਾ, ਸੁੱਕੇ ਪੱਤਣੀ ਆਈ ਬਹਾਰ ਭਾਈ।
ਜਲ-ਕੁਕੜੀਆਂ, ਕੂੰਜਾਂ ਵੀ ਘਰੇ ਮੁੜੀਆਂ, ਦੇਸ਼ ਵਿਚੋਂ ਸੀ ਉੱਡੀਆਂ ਬਾਹਰ ਭਾਈ।
ਜਲ ਅੰਮ੍ਰਿਤ ਹੈ ਆਬੇ-ਹਯਾਤ ਮਿੱਠਾ, ਜਲ ਬਾਝੋਂ ਸਭ ਮਾਰੂਥਲ ਥਾਰ ਭਾਈ।







ਅੱਲਾ-ਵਾਹਿਗੁਰੂ-ਰਾਮ ਦੀ ਕਿਰਤ ਕੁਦਰਤ, ਜਲੋਂ ਜੀਂਵਦਾ ਕੁੱਲ ਸੰਸਾਰ ਭਾਈ।
ਚਾਰੇ ਪਾਸੇ ਹੀ ਸੇਵਾ ਦੀ ਗੱਲ ਧੁੰਮੀ, ਸੇਵਾ ਧੰਨ ਤੇ ਧੰਨ ਸੇਵਾਦਾਰ ਭਾਈ।

ਤਾਰਾਂ ਖੜਕੀਆਂ ਰਾਸ਼ਟਰੀ ਪਦਾਂ ਤੀਕਰ, ਆਈ ਦੇਖਣ ਸੀ ਆਪ ਸਰਕਾਰ ਭਾਈ।
'ਵਾਟਾਂ ਵਾਲੀਆ' ਸਿਫ਼ਤਾਂ ਦੇ ਪੁੱਲ ਬੱਝੇ, ਰੱਬ ਸੱਚਾ ਵੀ ਜਾਵੇ ਬਲਿਹਾਰ ਭਾਈ।

## ਦਿੱਲੀ ਦਰਬਾਰ ਤੀਕਰ ਗੱਲਾਂ

ਗੱਲ ਛਿੜੇ ਤਾਂ ਨਿਕਲਦੀ ਦੂਰ ਤੀਕਰ, ਉੱਡ ਜਾਂਦੀਆਂ ਖੰਭਾਂ ਦੇ ਬਾਝ ਗੱਲਾਂ।
ਬੱਤੀ ਦੰਦਾਂ ਦੀ ਕੈਦ 'ਚੋਂ ਨਿਕਲਕੇ ਤੇ, ਕੰਨੋ-ਕੰਨਾਂ 'ਤੇ ਕਰਦੀਆਂ ਖਾਜ ਗੱਲਾਂ।
ਛਾਣ ਦਿੰਦੀਆਂ ਦੁੱਧਾਂ 'ਚੋਂ ਪਾਣੀਆਂ ਨੂੰ, ਖੋਹਲ ਜਾਂਦੀਆਂ ਕੀਮਤੀ ਰਾਜ਼ ਗੱਲਾਂ।
ਗੱਲਾਂ ਮਾੜੀਆਂ-ਮੋਟੀਆਂ ਰਹਿਣ ਥੱਲੇ, ਜਾਣ ਵੱਡੀਆਂ ਦੂਰ-ਦਰਾਜ਼ ਗੱਲਾਂ।
ਗੱਲਾਂ ਖ਼ਾਸ ਇਤਿਹਾਸ ਨੂੰ ਛੋਂਹਦੀਆਂ ਨੇ, ਮੋਹ ਲੈਂਦੀਆਂ ਤਖ਼ਤ ਤੇ ਤਾਜ ਗੱਲਾਂ।
'ਵਾਟਾਂ ਵਾਲੀਆ' ਛਿੜਦੀਆਂ ਚਿਰਾਂ ਪਿਛੋਂ, ਗੱਲਾਂ ਕੀਮਤੀ ਅਦਬ-ਨਿਆਜ਼ ਗੱਲਾਂ।

## ਰਾਸ਼ਟਰਪਤੀ ਕਲਾਮ ਦਾ ਆਉਣਾ

ਚੜ੍ਹਿਆ ਦਿਵਸ ਸੁਲੱਖਣਾ ਭਾਗ-ਭਰਿਆ, ਰਾਸ਼ਟਰਪਤੀ ਕਲਾਮ ਪਧਾਰਿਆ ਈ।
ਸੰਤ ਘਾਟ ਦੇ ਨਾਲ਼ ਅਨਾਜ ਮੰਡੀ , ਹੈਲੀਕਪਟਰ ਨੂੰ ਉਰੇ ਉਤਾਰਿਆ ਈ।

ਵਿੱਚੇ ਵੇਈਂ ਦੇ ਪੈਣ ਵਹੀਣ ਗੰਦੇ, ਸੜ੍ਹੇਹਾਣ-ਤਰੱਕਣੀ ਮਗ਼ਜ਼ ਫੇਰੇ।
ਜਲਗਾਹਾਂ ਨੂੰ ਪੂਰ ਮੈਦਾਨ ਕੀਤਾ, ਜਿਥੇ ਵੇਈਂ ਸੀ ਉਥੇ ਸੀ ਝੱਲ-ਝੇਰੇ।
ਟੇਰਕੇਆਣਾ ਦੀ ਛੰਭ 'ਚੋਂ ਖ਼ੌਫ਼ ਆਵੇ, ਨਾਗ ਸ਼ੂਕਦੇ ਪੈਰਾਂ ਵਿੱਚ ਲਾਉਣ ਫੇਰੇ।
ਦਹਿਸਰ ਵਾਂਗਰਾਂ ਬੂਟੀ ਦੇ ਵਧੇ ਬੂਟੇ, ਜੋਕਾਂ-ਕੇਕੜੇ ਪਲਣ ਵਿੱਚ ਕੁੰਬਕੇਰੇ।
ਰੱਖ ਹੌਂਸਲਾ ਸਿਰੜ ਸਦੀਕ ਸੱਚੇ, ਬਿਗਲ ਮਾਰਿਆ ਚੜ੍ਹ ਗਿਆ ਘੱਤ ਘੇਰੇ।
'ਵਾਟਾਂ ਵਾਲੀਆ' ਬਾਬੇ ਦਾ ਮਿਸ਼ਨ ਵੱਡਾ, ਛੋਟੇ ਜਾਪਦੇ ਲਿਖੇ ਅਲਫਾਜ਼ ਮੇਰੇ।

## ਦਸੂਹਾ ਟ੍ਰੀਟਮੈਂਟ ਪਲਾਂਟ

ਫੇਰ ਲਾਇਆ ਦਸੂਹੇ ਵਿੱਚ ਸੋਧਖ਼ਾਨਾਂ, ਗੰਦੇ ਪਾਣੀ ਨੂੰ ਸਾਫ਼ ਸਵਾਰਨੇ ਲਈ।
ਇੱਕੋ ਤੀਰ ਤੇ ਕਈ ਸ਼ਿਕਾਰ ਹੁੰਦੇ, ਵਿਧੀ ਬਦਲਵੀਂ ਨਰਕ ਨਿਵਾਰਨੇ ਲਈ।
ਕਾਸ਼ਤਕਾਰੀ ਕਿਸਾਨੀ ਦੇ ਸਿਰੋਂ ਕਰਜ਼ੇ, ਪੰਡੋ-ਪੰਡ ਜੋ ਚੜ੍ਹੇ ਉਤਾਰਨੇ ਲਈ।
'ਵਾਟਾਂਵਾਲੀਆ' ਸਿਰਜ ਮਿਸਾਲ ਮਾਡਲ, ਪਾਏ ਪੂਰਨੇ ਜਗਤ ਪਸਾਰਨੇ ਲਈ।

ਧੁਰੋਂ ਧਰਮ-ਵਿਗਿਆਨ ਦਾ ਮੇਲ਼ ਸੱਚਾ, ਇੱਕ ਦੂਜੇ ਨੂੰ ਦੋਹਾਂ ਸਤਿਕਾਰਿਆ ਈ।
ਜੀਕੂੰ ਗੁਰੂ ਦਰਬਾਰ ਦੇ ਵਿੱਚ ਅਕਬਰ, ਤਿਵੇਂ ਭੁੱਲਾ ਇਤਿਹਾਸ ਉਕਾਰਿਆ ਈ।
ਕਾਰਜ ਦੇਖ ਕਲਾਮ ਕੁਰਬਾਨ ਜਾਵੇ, ਰੋਮ-ਰੋਮ ਤੋਂ ਸ਼ੁਕਰ ਗੁਜ਼ਾਰਿਆ ਈ।
ਵਿਰਲੇ ਵਿਸ਼ਵ ਦੇ ਵਿੱਚ ਫ਼ੌਲਾਦ ਸੀਨੇ, ਆਖੇ ਜਿਨ੍ਹਾਂ ਨੇ ਜਗਤ ਸਵਾਰਿਆ ਈ।
ਧੰਨ-ਧੰਨ ਇਹ ਵਿਸ਼ਵ ਆਦਰਸ਼ ਬਾਬਾ, ਸੱਚਾ ਜੇਸਨੇ ਸੁਪਨ ਸਾਕਾਰਿਆ ਈ।



ਦੂਰ-ਦਰਸ਼ਨੀ ਮੀਡੀਏ ਅੱਜ ਇਥੋਂ, ਅੱਖੀਂ ਡਿੱਠਿਆ ਹਾਲ ਪਰਸਾਰਿਆ ਈ।
ਜਿਲ੍ਹਾ ਅਫ਼ਸਰੀ ਸੂਬਾ ਸਰਕਾਰ ਸਾਰੀ, ਲੱਖਾਂ ਲੋਕਾਂ ਨੇ ਦਰਸ ਦੀਦਾਰਿਆ ਈ।
'ਵਾਟਾਂ ਵਾਲੀਆ' ਦੇਖਦਾ ਦ੍ਰਿਸ਼ ਸਾਰਾ, ਗਿਆ ਕੀਲਿਆ ਖੜ੍ਹਾ ਖਲਾਰਿਆ ਈ।

## ਵੇਈਂ ਦੇ ਕਾਰਜ ਦੀ ਵਾਹ-ਵਾਹ !

'ਵਾਟਾਂ ਵਾਲੀਆ' ਪੂਰਿਆਂ ਪਾਈ ਪੂਰੀ, ਵੱਡੇ ਕਾਜ ਨੂੰ ਚਾੜ੍ਹਿਆ ਸਿਰੇ ਵਾਹੁ।
ਨਾ ਓਹ ਰੁਕੇ, ਨਾ ਝੁਕੇ ਨਾ ਪਸਤ ਦਿਸੇ, ਨਾਹੀਂ ਬਹੇ, ਨਾ ਢਹੇ ਨਾ ਘਿਰੇ ਵਾਹੁ।
ਨਾਕੋ ਅਟਕ, ਨਾ ਝਟਕ, ਨਾ ਲਟਕ ਦਿਸੀ, ਨਾਹੀਂ ਰੱਖੜੋਂ-ਝੱਖੜੋਂ ਕਿਰੇ ਵਾਹੁ।
ਵਾਟਾਂ ਲੰਮੀਆਂ ਬਿਖੜੇ ਪੈਂਡਿਆਂ ਤੋਂ, ਨਾਹੀਂ ਡਰੇ, ਨਾ ਥਰੇ, ਨਾ ਫਿਰੇ ਵਾਹੁ।

ਵਾਹੁ ਸਦਕੇ ਸੰਗਤਾਂ ਪਿਆਰੀਆਂ ਦੇ, ਜੀਓ ਜਾਨ ਨੂੰ ਜਿਹਨਾਂ ਝੋਕਿਆ ਸੀ।
ਹੱਥੀਂ ਜਿਨ੍ਹਾਂ ਨੇ ਨਰਕ ਨੂੰ ਸੁਰਗ ਕੀਤਾ, ਗੰਦ ਵਹਿਣ ਤੇਜ਼ਾਬ ਨੂੰ ਰੋਕਿਆ ਸੀ।
ਜੀਓ ਸੋਧਿਆ ਚਿੱਕੜਾਂ-ਚਾਲਿਆਂ ਨੂੰ, ਪਿੰਡੇ ਜ਼ਹਿਰ ਵੀ ਜਿਹਨਾ ਨੇ ਸੋਖਿਆ ਸੀ।

ਵਾਹੁ-ਵਾਹੁ ਉਹ ਵਾਹੁ ਸਰੀਰ ਵਾਹੁ, ਜਿਨ੍ਹਾਂ ਪ੍ਰੇਮ ਤੋਂ ਜੀਅੜਾ ਜੋਖਿਆ ਸੀ।

ਵਾਹੁ ਵੱਡੇ ਨੇ ਤਿਨ੍ਹਾਂ ਦੇ ਭਾਗ ਵਾਹੁ, ਜਿਹੜੇ ਸੱਚੜੀ ਕਿਰਤ ਦੇ ਬਣੇ ਪਾਂਧੀ।
ਜਿਹਨਾਂ ਯੁੱਗ-ਵਿਗਿਆਨ ਨੂੰ ਦਿਸ਼ਾ ਦਿੱਤੀ, ਨਾਲੇ ਧਰਮ ਦੀ ਨਿਰਤ ਦੇ ਬਣੇ ਪਾਂਧੀ।
ਵਾਹੁ ਵੱਸਿਆ ਜਿਹਨਾਂ ਦੇ ਦਿਲੀਂ ਦਾਤਾ, ਜੀਹਦੀ ਸੁਰਤ ਤੇ ਬਿਰਤ ਦੇ ਬਣੇ ਪਾਂਧੀ।
'ਵਾਟਾਂ ਵਾਲੀਆ' ਕਰੇ ਜਹਾਨ ਵਾਹਵਾ, ਵਾਹੁ ਵੱਲੜੀ ਪਿਰਤ ਦੇ ਬਣੇ ਪਾਂਧੀ।

## ਦੇਸ਼ ਵਿਦੇਸ਼ ਵਿੱਚ ਧੁੰਮ

ਗੱਲ ਤੁਰੀ ਤਾਂ ਰੁਕੀ ਨਾ ਦੇਸ਼ ਅੰਦਰ, ਗੱਲਾਂ ਸੱਤ ਸਮੁੰਦਰੋਂ ਪਾਰ ਗਈਆਂ।
ਗੱਲਾਂ ਗਈਆਂ ਇੰਗਲੈਂਡ-ਜਾਪਾਨ ਤੀਕਰ, ਗੱਲਾਂ ਰੂਸ-ਅਮਰੀਕਾ ਤੋਂ ਬਾਹਰ ਗਈਆਂ।
ਧੁੰਮ ਮੱਚ ਗਈ ਕੀਤਿਆਂ ਕਾਰਜਾਂ ਦੀ, ਨਵੀਂ ਆਸ ਦੀ ਕਿਰਨ ਉਭਾਰ ਗਈਆਂ।
'ਵਾਟਾਂ ਵਾਲੀਆ' ਭਖ਼ਦਿਆਂ ਮਸਲਿਆਂ ਨੂੰ, ਗੱਲਾਂ ਬਰਫ਼ ਦੇ ਵਾਂਗਰਾਂ ਠਾਰ ਗਈਆਂ।

# ਜਾਪਦਾ ਪਰੇ ਬਾਬਾ

ਜਿਥੋਂ ਸੋਚਦੇ-ਸੋਚਦੇ ਸੋਚ ਮੁੱਕੇ, ਓਸ ਸੋਚ ਤੋਂ ਜਾਪਦਾ ਪਰ੍ਹੇ ਬਾਬਾ।
ਗੱਲਾਂ ਕਹਿਣ ਤੇ ਕਰਨ ਵਿੱਚ ਫਰਕ ਹੁੰਦਾ, ਗੱਲਾਂ ਕਹੇ ਤਾਂ ਪੂਰੀਆਂ ਕਰੇ ਬਾਬਾ।
ਕੁੰਭ ਕੌਡੀਆਂ-ਹਾਕੀਆਂ-ਗੱਤਕਿਆਂ ਦੇ, ਢਿੱਡ ਭੁੱਖਿਆਂ ਦੇ ਕਿਤੇ ਭਰੇ ਬਾਬਾ।
ਲੱਖਾਂ ਵੰਡਤੇ ਇਨ੍ਹੇ ਪ੍ਰਸ਼ਾਦਿ ਬੂਟੇ, ਲੱਖਾਂ ਲਾਏ ਤੇ ਕਰ ਗਿਆ ਹਰੇ ਬਾਬਾ।
ਡਾਹਢਾ ਲਾਵੇ ਦਰਿਆਵਾਂ ਦੇ ਨਾਲ ਮੱਥੇ, ਬੰਨ੍ਹ ਟੁੱਟੇ ਤਾਂ ਬੋਰੀਆਂ ਧਰੇ ਬਾਬਾ।
ਕਿੰਨੇ ਸਿੱਖਿਆ ਲਈ ਸਕੂਲ ਖੋਹਲੇ, ਕਿੰਨੇ ਖੋਟਿਓਂ ਕਰ ਗਿਆ ਖਰੇ ਬਾਬਾ।





ਕਿਵੇਂ ਨਾਰੀਆਂ ਹੋਣ ਸ਼ਸ਼ਕਤ ਏਥੇ, ਕੁੱਖਾਂ ਵਿੱਚ ਨਾ ਮਰਦੀਆਂ ਜਰੇ ਬਾਬਾ।
'ਵਾਟਾਂ ਵਾਲੀਆ' ਸਰਬ ਸੰਪੰਨ ਪੂਰਾ, ਇਥੇ ਉਥੇ ਤੇ ਓਸ ਦੇ ਘਰੇ ਬਾਬਾ।

## ਬਾਬੇ ਨੂੰ ਯੂ. ਐਨ. ਓ. ਤੋਂ ਸੱਦਾ ਆਉਣਾ

ਕਾਰ ਸੇਵਾ ਦਾ ਬਦਲ ਸਰੂਪ ਬਾਬੇ, ਨਵੇਂ ਅਰਥ ਨੇ ਇਹਨੂੰ ਪ੍ਰਦਾਨ ਕੀਤੇ।
ਨਾ ਮੁਮਕਿਨ ਨੂੰ ਮੁਮਕਿਨ ਦੇ ਢਾਲ ਸਾਂਚੇ, ਸੌਰ ਮੰਡਲ ਤੇ ਧਰਤ ਹੈਰਾਨ ਕੀਤੇ।
ਬੁੱਧੀਜੀਵੀ ਵਿਗਿਆਨੀਆਂ ਵਿਸ਼ਵ ਵਿੱਚੋਂ, ਆਣ ਬਾਬੇ ਨੂੰ ਨਮਨ-ਪ੍ਰਣਾਮ ਕੀਤੇ।
ਯੂ. ਐਨ. ਓ. ਦੀ ਸਭਾ 'ਚੋਂ ਆਉਣ ਸੱਦੇ, ਵਿਸ਼ਵ ਵਫ਼ਦੀ ਲਈ ਖ਼ਾਸ ਇਨਸਾਨ ਕੀਤੇ।




ਸੱਚੀ ਬਾਣੀ ਤੇ ਸਿੱਖੀ ਦੇ ਫ਼ਲਸਫ਼ੇ ਦੇ, ਸੱਚੇ ਸ੍ਰੀ ਨੇ ਉਥੇ ਗੁਣਗਾਨ ਕੀਤੇ।
ਗੁਰੂ ਪਵਨ ਨੂੰ ਪਾਣੀ ਨੂੰ ਪਿਤਾ ਜਾਣੋ, ਜਾਣੋ ਧਰਤੀ ਨੂੰ ਅੰਮਾ ਬਿਆਨ ਕੀਤੇ।
ਦਿਓ ਤਰੀਕ, ਉਡੀਕ ਨਾ ਦੇਰ ਲਾਵੋ, ਫੌਰੀ-ਕਰਮ ਸਿਧਾਂਤ ਧਿਆਨ ਕੀਤੇ।
ਤੱਕ ਹਸਤੀ ਨੂੰ ਲੇਖਕਾਂ ਛਾਪਕਾਂ ਨੇ ਵਾਤਾਵਰਣ ਦੇ ਨਾਇਕ ਐਲਾਨ ਕੀਤੇ।
'ਵਾਟਾਂ ਵਾਲੀਆ' ਜ਼ਿਕਰ ਜਹਾਨ ਸਾਰੇ, ਕੀਹਨੇ-ਕੀਹਨੇ ਮੈਂ ਦੱਸਾਂ ਸਨਮਾਨ ਕੀਤੇ।

## ਹੱਥੀਂ ਕਿਰਤ ਕਰਨ ਦਾ ਸੰਦੇਸ਼

ਹੱਥੀਂ ਵਣਜ ਕਮਾਵਣੇ ਸਿੱਖ ਜਿੰਦੇ, ਸੀਚੇਵਾਲੀਆ ਕਰੇ ਜਿਉਂ ਕਾਰ ਹੱਥੀਂ।
ਹੱਥੀਂ ਕਿਰਤ ਕਮਾਉਣ ਦਾ ਹੁਕਮ ਤੈਨੂੰ, ਕਿਰਤ ਕੀਤੀ ਏ ਨਾਨਕ ਅਵਤਾਰ ਹੱਥੀਂ।
ਹੱਥ ਉਨ੍ਹਾਂ ਦੇ ਸਿਰਾਂ ਤੇ ਸਦਾ ਉਹਦਾ, ਜਿਹੜੇ ਆਪਣਾ ਲਿਖਣ ਕਿਰਦਾਰ ਹੱਥੀਂ।
ਰਹਿਣੇ ਵਿੱਚ ਇਤਿਹਾਸ ਦੇ ਲੋਕ ਉਹੀ ਜਿਹੜੇ ਸਰਗ ਨੂੰ ਗਏ ਸਵਾਰ ਹੱਥੀਂ।
ਹੱਥੀਂ ਦਿੱਤੀਆਂ ਖੁੱਲ੍ਹਦੀਆਂ ਨਾਲ ਮੂੰਹਾਂ, ਗੰਢਾਂ ਦੇਵੀਂ ਨਾ ਕਿਤੇ ਪਿਚਕਾਰ ਹੱਥੀਂ।
ਪਾਣੀ ਲੰਘਿਆ ਸਿਰਾਂ ਤੋਂ ਐਸ ਵੇਲੇ, ਪੈਰੀਂ ਆਪਣੇ ਕਰੋ ਨਾ ਵਾਰ ਹੱਥੀਂ।
'ਵਾਟਾਂ ਵਾਲੀਆ' ਸਮਾਂ ਨਾ ਹੱਥ ਆਵੇ, ਉੱਠ ਸਾਂਭ ਲਓ ਸੋਹਣਾਂ ਸੰਸਾਰ ਹੱਥੀਂ।

# ਅੰਨ੍ਹ-ਹਨੇਰ ! ਤੇ ਚੰਨ ਤੇ ਪਹੁੰਚ !




ਗੱਲਾਂ ਨਾਲ਼ ਇਤਿਹਾਸ ਨਹੀਂ ਸਿਰਜ ਹੋਣੇ,
ਗੱਲਾਂ ਨਾਲ਼ ਨਹੀਂ ਨੇਕ ਕਮਾਈ ਹੋਣੀ।
ਗੱਲਾਂ ਨਾਲ਼ ਨਹੀਂ ਵਹਿਣ ਸੁਰਜੀਤ ਹੋਣੇ,
ਗੱਲਾਂ ਨਾਲ਼ ਨਹੀਂ ਧਰਤਿ ਹਰਿਆਈ ਹੋਣੀ।
ਗੱਲਾਂ ਨਾਲ਼ ਨਹੀਂ ਸਾਂਭਿਆ ਮੁਲਖ਼ ਜਾਣਾ,
ਗੱਲਾਂ ਨਾਲ਼ ਨਹੀਂ ਪਹਾੜ ਤੋਂ ਰਾਈ ਹੋਣੀ।
ਗੱਲਾਂ ਨਾਲ਼ ਨਹੀਂ ਦੇਸ਼ ਦੇ ਪਾਣੀਆਂ ਦੀ,
ਰਾਖੀ-ਰੱਖਿਆ ਸਾਂਭ-ਸੰਭਾਈ ਹੋਣੀ।

ਲਾਰੇ ਸ਼ੁਰੂ ਤੋਂ ਲਾਂਵਦੇ ਰਾਜਨੇਤਾ, ਮੁੱਦਾ ਪਾਣੀ ਦਾ ਗੋਲੀਆਂ ਰੇੜ੍ਹਦੇ ਨੇ।
ਅੱਖਾਂ ਕੰਨ ਤਾਂ ਪਹਿਲਾਂ ਹੀ ਬੰਦ ਕੀਤੇ, ਵਾਰੀ ਆਏ ਤਾਂ ਬੂਹੇ ਵੀ ਭੇੜਦੇ ਨੇ।
ਝੂਠੇ ਕਰਨ ਵਿਕਾਸ ਦੀ ਗੱਲ ਝੂਠੀ, ਐਵੇਂ ਆਰਜ਼ੀ ਗੇੜੀਆਂ ਗੇੜਦੇ ਨੇ।
ਅੰਨ੍ਹ-ਨੇਰ੍ਹ ਤੇ ਕੋਈ ਪ੍ਰਬੰਧ ਨਾਹੀਂ, ਗੱਲ ਚੰਨ ਤੇ ਪਹੁੰਚ ਦੀ ਛੇੜਦੇ ਨੇ।

ਵਾਤਾਵਰਣ ਤਾਂ ਖ਼ਲਕ ਦੀ ਲੋੜ ਪਹਿਲੀ, ਪਹਿਲੋਂ ਇਹਨੂੰ ਬਚਾਉਣ ਦੀ ਗੱਲ ਹੋਵੇ।
ਗੱਲ ਚੰਨ 'ਤੇ ਪਹੁੰਚ ਦੀ ਫੇਰ ਕਰੀਏ, ਪਹਿਲੋਂ ਧਰਤ ਦੀ ਪਰਤ ਦਾ ਹੱਲ ਹੋਵੇ।
ਹੱਲ ਹੋਣ ਸਭ ਉਲਝਿਆਂ ਤਾਣਿਆਂ ਦੇ, ਅੱਜ-ਅੱਜ ਤੋਂ ਕਦੇ ਨਾ ਕੱਲ੍ਹ ਹੋਵੇ।
'ਵਾਟਾਂ ਵਾਲੀਆ' ਛੁੱਟ ਜਾਏ ਤੀਰ ਹੱਥੋਂ, ਵੇਲਾ ਬੀਤਿਆ ਫੇਰ ਨਾ ਠੱਲ੍ਹ ਹੋਵੇ।

## ਅਧੂਰੇ ਖ਼ੁਆਬ ਅਤੇ ਬਦੀ-ਪਾਲਕਾਂ ਨੂੰ ਚਿਤਾਵਨੀ

ਕਾਲੀ ਵੇਈਂ ਦਾ ਅਜੇ ਸੁਧਾਰ ਹੋਇਆ, ਚਿੱਟੀ ਵੇਈਂ ਤੇ ਅਜੇ ਪੰਜ-ਆਬ ਬਾਕੀ।
ਸੋਹਣੇ ਦੇਸ਼ ਪੰਜਾਬ ਦੇ ਪਾਣੀਆਂ ਨੂੰ, ਮੁਕਤ ਜ਼ਹਿਰਾਂ ਤੋਂ ਕਰਨ ਦਾ ਖ਼ਾਬ ਬਾਕੀ।

ਦਿਨੇ ਰਾਤ ਸੰਘਰਸ਼ ਇਹ ਰਹੂ ਜਾਰੀ, ਜਾਰੀ ਰਹੂ ਇਹ ਜਿੰਨਾ ਚਿਰ ਬਾਬ ਬਾਕੀ।
ਲੋਕ-ਲਹਿਰ ਇਹ ਜਾਊ ਅੰਜਾਮ ਤੀਕਰ, ਬੰਦੇ ਵਿੱਚ ਹੈ ਜਿੰਨਾ ਚਿਰ ਤਾਬ ਬਾਕੀ।

ਗੱਲ ਹੁੰਦੀ ਇਹ ਮੁੱਢ-ਕਦੀਮ ਆਈ, ਨੇਕੀ ਜਿੱਤ ਤੇ ਬਦੀ ਹੀ ਹਾਰਦੀ ਏ।
ਨੇਕੀ ਖੇਡ ਕੇ ਸਦਾ ਹੀ ਜਾਨ ਉੱਤੇ, ਦੇਸ਼ ਕੌਮ ਦਾ ਭਲਕ ਸਵਾਰਦੀ ਏ।
ਖ਼ਬਰਦਾਰ ਜੋ ਬਦੀ ਨੂੰ ਪਾਲਦੇ ਨੇ, ਚਿਤਾਵਨੀ ਉਨ੍ਹਾਂ ਨੂੰ ਆਖ਼ਰੀ ਵਾਰ ਦੀ ਏ।
'ਵਾਟਾਂ ਵਾਲੀਆ' ਕਲਮ ਦੇ ਵਾਰ ਪਹਿਲੋਂ, ਗੱਲ ਆਖ਼ਰੀ ਖੰਡੇ ਦੀ ਧਾਰ ਦੀ ਏ।



## ਜਾਣਕਾਰੀ ਦੇ ਸੋਮੇ

- ਨਿਰਮਲ ਨੂਰ ਮਾਸਿਕ ਪੱਤ੍ਰਿਕਾ
- ਨਿਰਮਲ ਪੰਥ ਦੀ ਗੌਰਵ ਗਾਥਾ
- ਬਾਬੇ ਦਾ ਮਿਸ਼ਨ
- ਕਰਮਯੋਗੀ ਸੰਤ ਬਲਬੀਰ ਸਿੰਘ
- ਇੱਕ ਸਾਧ ਭਗਵਿਆਂ ਵਾਲਾ
- ਸਮੂਹ ਗੁਰਸੰਗਤਾਂ ਅਤੇ ਬਾਬਾ ਜੀ ਆਪ

## ਲੇਖਕ

-ਸੰਤ ਬਲਵੰਤ ਸਿੰਘ (ਸੈਕਟਰੀ ਨਿਰਮਲ ਪੰਚਾਇਤ, ਅਖਾੜਾ ਕਨਖਲ)

-ਖੁਸ਼ਹਾਲ ਲਾਲੀ

-ਡਾ. ਕੁਲਵਿੰਦਰ ਮਿਨਹਾਸ

-ਮਨੋਹਰ ਸਾਦਿਕ

## ਵਿਸ਼ੇਸ਼ ਸਹਿਯੋਗ

ਸੰਤ ਸੁਖਜੀਤ ਸਿੰਘ ਸੀਚੇਵਾਲ

ਪ੍ਰੋ. ਹਰਬੰਸ ਸਿੰਘ ਚਾਹਲ

# ਸਮਰਪਣ

ਸਮਰਪਣ ਹੈ ਉਹਨਾਂ ਯੋਧਿਆਂ ਨੂੰ ਜਿਹਨਾਂ ਨੇ
ਤੇਜ਼ਾਬੀ ਵਹਿਣ ਨੂੰ ਅੰਮ੍ਰਿਤ ਵਿੱਚ ਬਦਲਿਆ

ISBN : 978-93-82413-86-8
ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com
www. 5aabparkashan.com

**ਸਹਿਯੋਗੀ ਸੱਜਣ:**

ਗੁਰਵਿੰਦਰ ਸਿੰਘ ਬੋਪਾਰਾਏ, ਹਰਪ੍ਰੀਤ ਸਿੰਘ ਕਾਹਲੋਂ, ਜਸਵਿੰਦਰ ਸਿੰਘ,
ਕ੍ਰਿਸ਼ਨਾ ਕੁਮਾਰ, ਅਵਤਾਰ ਰਿੰਕੂ ਅਤੇ ਗਾਇਕਾ ਹਰਪ੍ਰੀਤ ਕੌਰ।

**ਲੇਖਕ:**

ਜਸਬੀਰ ਸਿੰਘ, ਪਿੰਡ ਵਾਟਾਂ ਵਾਲੀ, ਸੁਲਤਾਨਪੁਰ ਲੋਧੀ (ਕਪੂਰਥਲਾ), ਪਿੰਨ ਕੋਡ 144626
jasbirwattanwalia@yahoo.com
ਮੋਬਾ: 95925 03064

**ਰਚਨਾ:**

ਪਹਿਲੀ, ਪਹਿਲਾ ਐਡੀਸ਼ਨ (ਕਾਪੀ 1100)

**ਟਾਈਪਿੰਗ:**

ਸੈਹਿਬੀ ਪ੍ਰਿੰਟਿੰਗ ਪ੍ਰੈਸ ਲੋਹੀਆਂ ਖਾਸ

**ਡਿਜ਼ਾਇਨਰ:**

ਪ੍ਰੋਮਿਲ ਕੁਮਾਰ

**ਪ੍ਰਕਾਸ਼ਕ**

ਪੰਜ ਆਬ ਪ੍ਰਕਾਸ਼ਨ, ਜਲੰਧਰ

**ਛਾਪਕ :**

ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

ISBN NO : 978-93-82413-86-8

2014

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਵੇਈਂ ਨਾਮੇ ਦੀ ਆਡੀਓ ਸੀਡੀ
ਅਵਤਾਰ ਰੇਡੀਓ ਵੱਲੋਂ
ਤਿਆਰ ਕੀਤੀ ਗਈ ਹੈ।

Price: 225/-

# ਸਾਰਥਕ ਸੰਦੇਸ਼ ਨਾਲ ਸੰਪੰਨ ਹੁੰਦੀ ਰਚਨਾ : ਵੇਈਂਨਾਮਾ

ਜਸਬੀਰ ਸਿੰਘ ਵਾਟਾਂ ਵਾਲੀ ਰਚਿਤ 'ਵੇਈਂ ਨਾਮਾ' ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕੁਦਰਤੀ ਸੋਮਿਆਂ ਦੀ ਸ਼ੁੱਧਤਾ ਤੇ ਸਦਉਪਯੋਗਤਾ ਲਈ ਸਿਰਜੀ ਗਈ ਇਤਿਹਾਸਕ ਜਾਗਰਿਤੀ ਲਹਿਰ ਦਾ ਮਹਾਂਕਾਵਿਕ ਬਿਰਤਾਂਤ ਹੈ। ਇਹ ਰਚਨਾ ਪੰਜਾਬ ਦੇ ਪਤਿਤ ਤੇ ਪ੍ਰਦੂਸ਼ਿਤ ਮਾਨਵੀ ਸਰੋਕਾਰਾਂ ਦੀ ਪਲੀਤ ਆਤਮਾਂ ਨੂੰ ਝੰਜੋੜ ਕੇ ਸਦਬੁੱਧੀ ਉਰਜਿਤ ਕਰਨ ਹਿਤ ਰਚਿਆ ਚੇਤਾਵਨੀਨਾਮਾ ਵੀ ਹੈ। ਇਸ ਚੇਤਾਵਨੀ ਨਾਮੇ ਵਿੱਚ ਅਜੋਕੇ ਸਮਿਆਂ ਦੀ ਚਿੰਤਾ, ਚੇਤਨਾ ਤੇ ਚਿੰਤਨ ਵੀ ਸ਼ਾਮਿਲ ਹੈ ਅਤੇ ਅਜੋਕੇ ਅਮਾਨਵੀ ਸੰਦਰਭ ਵਿੱਚੋਂ ਮਾਨਵ ਅਤੇ ਮਾਨਵਤਾ ਨੂੰ ਬਚਾਉਣ ਲਈ ਕੀਤੀ ਗਈ ਅਪੀਲ ਤੇ ਅਰਜ਼ੋਈ ਦਾ ਆਸ਼ਾਵਾਦੀ ਸੰਕਲਪ ਵੀ ਹੈ।

ਇਹ ਰਚਨਾ 'ਅਕਾਲ ਉਸਤਤ' ਤੋਂ ਆਰੰਭ ਹੋ ਕੇ 'ਹੱਥੀਂ ਕਿਰਤ ਕਰਨ ਦੇ' ਸਾਰਥਿਕ ਸੰਦੇਸ਼ ਨਾਲ ਸੰਪੰਨ ਹੁੰਦੀ ਹੈ। ਕਵੀ ਦੇ ਧੁਰ ਅੰਦਰ ਫ਼ੌਤ ਹੋ ਰਹੇ ਪੰਜਾਬ ਦੀ ਕਾਵਿਕ ਪੀੜ ਹੈ ਜੋ ਸਮੁੱਚੇ ਵੇਈਂ ਨਾਮੇ ਦੀਆਂ ਰਚਨਾਤਮਕ ਆਦਰਾਂ ਦੀ ਹੂਕ ਹੈ। ਸਮੇਂ ਤੇ ਸੰਦਰਭ ਨੂੰ ਮੌਲਿਕ ਦਿਸ਼ਾ ਤੇ ਦ੍ਰਿਸ਼ਟੀ ਪ੍ਰਦਾਨ ਕਰਨ ਵਾਲੇ ਮਹਾਂ ਨਾਇਕ ਬਾਬਾ ਸੀਚੇਵਾਲ ਦਾ ਕਰਮਯੋਗੀ ਬਿੰਬ 'ਵੇਈਂ ਨਾਮੇ' ਦੀ ਇਤਿਹਾਸਿਕ ਸੋਚ, ਸੰਭਾਵਨਾ ਤੇ ਸਾਰਥਿਕਤਾ ਦਾ ਸੂਚਕ ਹੈ। ਇਹ ਰਚਨਾ ਪੰਜਾਬ ਬਚਾਉਣ ਦੇ ਮਹਾਨ ਮਾਨਵੀ ਸੰਦੇਸ਼ ਤੇ ਸੁਚੇਤਨਾ ਦਾ ਹੋਕਾ ਦਿੰਦੀ ਪ੍ਰਤੀਤ ਹੁੰਦੀ ਹੈ।

'ਵੇਈਂ ਨਾਮੇ' ਦੇ ਮਹਾਂ ਨਾਇਕ ਬਾਬਾ ਸੀਚੇਵਾਲ ਦਾ ਅਦਰਸ਼ਕ ਰਾਹ ਦਸੇਰੇ ਵਜੋਂ ਆਗਮਨ ਸਹਿਜ ਸੁਭਾਵਿਕ ਤੇ ਸਮੇਂ ਦੇ ਅਨੁਕੂਲ ਹੈ। ਰਚਨਾਕਾਰ ਨੇ ਬਾਬਾ ਜੀ ਦੇ ਜੀਵਨ ਵੇਰਵਿਆਂ ਦੇ ਨਾਲ ਨਾਲ ਉਹਨਾਂ ਸਾਰੀਆਂ ਸੰਭਾਵੀ ਪ੍ਰਸਥਿਤੀਆਂ ਦਾ ਬਾਰੀਕ ਤੇ ਬਾ-ਦਲੀਲ ਵਰਨਣ ਕੀਤਾ ਹੈ, ਜਿਹਨਾਂ ਦੀ ਕਰਤਾਰੀ ਕੁੱਖ ਵਿੱਚੋਂ ਬਾਲਕ ਬਲਬੀਰ ਵਕਤ ਨੂੰ ਰਹਿਬਰੀ ਦੇਣ

ਦੇ ਇਤਿਹਾਸਕ ਮਨੋਰਥ ਹਿੱਤ ਸੜਕਾਂ ਤੇ ਪਾਣੀਆਂ ਵਾਲਾ ਕਰਮਸ਼ੀਲ ਬਾਬਾ ਬਣ ਕੇ ਉਤਪੰਨ ਹੁੰਦਾ ਹੈ ਅਤੇ ਗੁਰੂ ਨਾਨਕ ਦੇ ਚਰਨਾਂ ਦੀ ਛੋਹ ਪ੍ਰਾਪਤ ਧਰਤੀ ਤੋਂ ਨਾਨਕ ਰੂਹ ਨਾਲ ਤਰੰਗਿਤ ਹੋਈ ਪਵਿੱਤਰ ਵੇਈਂ ਦੇ ਪਾਣੀਆਂ ਨੂੰ ਨਿਰਮਲ ਧਾਰਾ ਵਿੱਚ ਤਬਦੀਲ ਕਰਨ ਦਾ ਬਿਗਲ ਵਜਾਉਂਦਾ ਹੈ । ਅਗਾਂਹ ਜਾ ਕੇ ਵਾਤਾਵਰਣ ਦੇ ਖੇਤਰ ਵਿੱਚ ਉਦਾਹਰਣ ਯੋਗ ਅੰਦੋਲਨ ਬਣਨ ਵਾਲੇ ਇਸ ਆਦਰਸ਼ਕ ਅਧਿਆਏ ਦਾ ਸੂਖ਼ਮ ਤੇ ਸੰਭਾਵੀ ਵਰਨਣ 'ਵੇਈਂਨਾਮੇ ' ਦੀ ਕਲਾਤਮਕ ਕਾਰੀਗਰੀ ਹੈ । ਇਉਂ 'ਵੇਈਂਨਾਮਾ' ਬਾਬਾ ਜੀ ਦੀ ਪਰਉਪਕਾਰੀ ਕਰਮਸ਼ੀਲਤਾ ਦੇ ਬਹਾਨੇ ਸਮੂਹ ਪੰਜਾਬ ਵਾਸੀਆਂ ਨੂੰ ਜੀਉਂਦੇ ਰਹਿਣ ਲਈ ਦਿੱਤੀ ਜਾ ਰਹੀ ਸੇਧ ਤੇ ਸਿੱਖਿਆ ਦਾ ਟੁੰਬਣ ਯੋਗ **ਜ਼ਿੰਦਗੀਨਾਮਾ** ਹੈ। ਇਹ ਰਚਨਾ ਪੁਰਾਣੇ ਤੇ ਵਰਤਮਾਨ ਪੰਜਾਬ ਦੀ ਰੂਹ ਤੇ ਰਵਾਇਤ ਦੇ ਪਰਸਪਰ ਸੰਵਾਦ ਦਾ **ਇਲਮਨਾਮਾ ਵੀ ਹੈ।** ਜੋ ਬੰਦੇ ਨੂੰ ਆਤਮ ਖੋਜ ਲਈ ਊਰਜਿਤ ਕਰਦਾ ਹੈ।

ਬੁੱਧੀ ਜੀਵੀਆਂ ਦੀ ਮਜਲਿਸ ਵਿੱਚ ਕੀਤੇ ਮਸ਼ਵਰੇ ਨੂੰ ਅਮਲਯੋਗ ਤਹਿਰੀਕ ਵਿੱਚ ਬਦਲਣ ਦਾ ਹਾਸਲ ਤੇ ਹੌਂਸਲਾ ਬਾਬਾ ਜੀ ਦੀ ਕਾਮਿਲ ਤੇ ਕਰਮਸ਼ੀਲ ਸ਼ਖਸ਼ੀਅਤ ਦੇ ਹਿੱਸੇ ਆਇਆ ਜਿਨ੍ਹਾਂ ਨੇ ਸਿਰੜ, ਸਾਧਨਾ ਤੇ ਸ਼ਿਦਤ ਦੀ ਲਗਾਤਾਰਤਾ ਸਦਕਾ ਆਪਣੀਆਂ ਭਾਗਸ਼ੀਲ ਤੇ ਭਗਵੀਆਂ ਫੌਜਾਂ ਦੇ ਬਲਬੂਤੇ ਪਾਣੀਆਂ ਦੇ ਨਿਰਮਲ ਅੰਦੋਲਨ ਨੂੰ ਵਾਤਾਵਰਣ ਬਚਾਉਣ ਦੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਖਿੱਚ ਦਾ ਕੇਂਦਰ ਬਣਾਇਆ। ਸਿੱਟੇ ਵਜੋਂ ਬਾਬਾ ਜੀ ਦੇ ਇਸ ਅਦੁੱਤੀ ਤੇ ਮਿਸਾਲੀ ਕਾਰਜ ਦੀ ਉਪਮਾ ਸੁਣ ਕੇ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ, ਸਨੇਹੀਆਂ ਤੇ ਸਹਿਯੋਗੀਆਂ ਨੇ ਵੇਈਂ ਨਦੀ ਦੇ ਇਸ ਮਹਾਤਮੀ ਸਥਾਨ ਦੀ ਯਾਤਰਾ ਕਰਕੇ ਬਾਬਾ ਜੀ ਦੇ ਉਪਯੋਗੀ ਕਾਰਜਾਂ ਦੀ ਸਹਾਇਤਾ ਅਤੇ ਸਰਾਹਨਾ ਕੀਤੀ। ਮਹਾਨ ਮਾਨਵੀ ਮਿਸਾਲ ਬਣੇ ਇਸ ਪਾਕ ਥਾਂ ਨੂੰ ਸਿਜਦਾ ਤੇ ਸਨੇਹ ਦੇਣ ਲਈ ਦਰਵੇਸ਼ ਵਿਗਿਆਨੀ ਡਾ.

ਅਬਦੁਲ ਕਲਾਮ ਵੀ ਆਇਆ ਤੇ ਉਸਨੇ ਆਪਣੇ ਭਾਸ਼ਣਾਂ ਤੇ ਲਿਖਤਾਂ ਰਾਂਹੀ ਥਾਂ-ਥਾਂ ਬਾਬਾ ਜੀ ਦੇ ਵਿਲੱਖਣ ਯੋਗਦਾਨ ਦੀ ਵਡਿਆਈ ਕਰਦੇ ਹੋਏ ਲੋਕਾਂ ਨੂੰ ਇਸ ਉਦਾਹਰਣੀ ਅੰਦੋਲਨ ਤੋਂ ਸਬਕ ਤੇ ਸਦ-ਬੁੱਧੀ ਗ੍ਰਹਿਣ ਕਰਨ ਲਈ ਪ੍ਰੇਰਿਤ ਵੀ ਕੀਤਾ। ਕਵੀ ਜਸਬੀਰ ਵਾਟਾਂ ਵਾਲੀ ਆਪਣੀ ਰਚਨਾ ਵਿੱਚ ਬਾਬਾ ਜੀ ਦੀ ਅਗਵਾਈ ਤੇ ਅੰਦੋਲਨ ਦੇ ਨਾਲ ਨਾਲ ਉਸ ਉਤਸ਼ਾਹ, ਉਮਾਹ ਤੇ ਉਤੇਜਨਾ ਦਾ ਚਿਤਰਣ ਬਹੁਤ ਡੁੱਬ ਕੇ ਕਰਦਾ ਹੈ ਜਿਸ ਨੂੰ ਪਰਨਾਈਆਂ ਬਾਬਾ ਜੀ ਦੀਆਂ ਫੌਜਾਂ ਨੇ ਵੇਈਂ ਨਦੀ ਵਿੱਚ ਮਨੁੱਖ ਦੁਆਰਾ ਪਾਏ ਹੋਏ ਖਿਲਵਾੜ ਤੇ ਖਿਲਾਰੇ ਨਾਲ ਯੋਧਿਆਂ ਵਾਂਗ ਯੁੱਧ ਕਰਕੇ ਇਸਨੂੰ ਪ੍ਰਾਕ੍ਰਿਤਕ ਸੁਹਜ ਤੇ ਸੁੰਦਰਤਾ ਦਾ ਦੇਖਣਯੋਗ ਤੇ ਮਾਨਣਯੋਗ ਨਮੂਨਾ ਬਣਾ ਦਿੱਤਾ ।ਨਿਰਸੰਦੇਹ ਵੱਡੇ ਖ਼ਾਬਾਂ ਦੀ ਖ਼ਬਤ ਤੇ ਖ਼ਸਲਤ ਦੀਆਂ ਅੰਦਰੂਨੀ ਰਮਜ਼ਾਂ ਤੇ ਰਾਗਦਾਰੀਆਂ ਵਿੱਚੋਂ ਹੀ ਅਜਿਹੇ ਮਹਾਨ ਇਤਿਹਾਸਕ ਕਰਮਸ਼ੀਲ ਕਾਰਨਾਮੇ ਉਤਪੰਨ ਹੁੰਦੇ ਹਨ ਜੋ ਭਵਿੱਖ ਦੀਆਂ ਆਸ਼ਕ ਨਸਲਾਂ ਲਈ ਜੀਊਣ ਯੋਗ ਜੀਵਨ ਆਦਰਸ਼ਾਂ ਦੇ ਅੰਬਰ ਬਣ ਜਾਂਦੇ ਹਨ ।ਕਵੀ ਵਾਟਾਂ ਵਾਲੀ ਦੀ ਇਹ ਸਮਝਣ ਯੋਗ ਰਚਨਾ ਇੱਕ ਅਜਿਹੇ ਆਦਰਸ਼ਕ ਮਾਨਵੀ ਮਾਡਲ ਦੀ ਸਥਾਪਨਾ ਵੀ ਕਰਦੀ ਹੈ ਜੋ ਬਾਬਾ ਸੀਚੇਵਾਲ ਨੇ ਆਪਣੀ ਤਪਸ਼ੀਲ ਤੇ ਤੇਜੱਸਵੀ ਸਖਸ਼ੀਅਤ ਦੁਆਰਾ ਪ੍ਰਾਕ੍ਰਿਤਕ ਹਸਤੀ ਤੇ ਹੈਸੀਅਤ ਨੂੰ ਸੰਭਾਲਣ ਤੇ ਬਚਾਉਣ ਹਿੱਤ ਸਿਰਜਤ ਕੀਤਾ ਹੈ।ਇਹ ਸਾਰਾ ਕੁਝ ਡਾਢਾ ਹੈਰਤ ਤੇ ਹਸਰਤ ਭਰਪੂਰ ਹੈ ਕਿ ਨਦੀ ਦੀ ਨਿਰਮਲ ਧਾਰਾ ਦੇ ਪੁਨਰ-ਜਨਮ ਨਾਲ ਕੁਦਰਤ ਦੇ ਅਨੇਕਾ ਮਨੁੱਖ ਹਿਤੈਸ਼ੀ ਜਲ ਜੀਵਾਂ ਤੇ ਪੰਛੀਆਂ ਦਾ ਸ਼ੁੱਭ ਆਗਮਨ ਵੀ ਹੋਇਆ ਜਿਹਨਾਂ ਨੇ ਕੁਦਰਤੀ ਰਾਗਾਂ, ਰਸਾਂ ਤੇ ਰਮਜ਼ਾਂ ਦੀ ਛਹਿਬਰ ਨਾਲ ਆਲੇ ਦੁਆਲੇ ਨੂੰ ਮੁੜ ਸਜੀਵ ਕੀਤਾ।ਕਵੀ ਜਸਬੀਰ ਏਸੇ ਕਰਕੇ ਕੁਦਰਤ ਦੇ ਸਰੋਤਾਂ ਤੇ ਸੋਮਿਆਂ ਨੂੰ ਮਾਨਵਤਾ ਲਈ ਮਾਨਣਯੋਗ ਤੇ ਜੀਊਣਯੋਗ ਬਣਾਉਣ ਹਿੱਤ ਕੀਤੇ ਬਾਬਾ ਜੀ ਦੇ ਸੱਚੇ ਸੁੱਚੇ ਯਤਨਾਂ ਦੀ ਕਾਵਿ ਕੀਰਤੀ ਕਰਦਾ ਹੈ ਤੇ ਪੰਜਾਬ ਵਾਸੀਆਂ ਨੂੰ ਪੁਨਰ ਸੁਰਜੀਤੀ ਦੀ ਇਸ ਲਹਿਰ ਨੂੰ

ਅਪਨਾਉਣ ਦੀ ਬੇਨਤੀ ਵੀ ਕਰਦਾ ਹੈ। ਵੇਈਂ ਨਾਮੇ ਵਿੱਚ ਰੁੱਖਾਂ, ਪੰਛੀਆਂ, ਪਾਣੀਆਂ ਤੇ ਸਮੁੱਚੇ ਪ੍ਰਾਕ੍ਰਿਤਕ ਵਰਤਾਰੇ ਨਾਲ ਮੋਹ ਕਰਨ ਦਾ **ਮਾਨਵੀ ਪੈਗਾਮ** ਹੈ। ਵੇਈਂਨਾਮਾ ਪੈਸੇ ਤੇ ਅਖੌਤੀ ਪ੍ਰਗਤੀ ਦੇ ਮੋਹ ਜੰਜਾਲ ਵਿੱਚ ਫਸੇ ਅਜੋਕੇ ਸਮਾਜ ਨੂੰ ਕੁਦਰਤੀ ਪ੍ਰੇਮ ਦੀ ਅੰਦਰੂਨੀ ਸੋਝੀ, ਸੁਹੱਪਣ ਅਤੇ ਸਚਿਆਰਤਾ ਦੇ ਸੁਚੱਜੇ ਰਾਹ ਤੋਰਦਾ ਹੈ । ਇਹ ਸਾਰਾ ਕ੍ਰਿਸ਼ਮੀ ਕਾਰਨਾਮਾ ਬਾਬਾ ਜੀ ਦੀ ਦੂਰ ਦ੍ਰਿਸ਼ਟੀ, ਦਰਿਆਦਿਲੀ ਤੇ ਦੀਵਾਨਗੀ ਸਦਕਾ ਹੀ ਸੰਭਵ ਹੋਇਆ ਹੈ । ਜਸਬੀਰ ਵਾਟਾਂ ਵਾਲੀ ਜਿੱਥੇ ਅਖੌਤੀ ਪ੍ਰਗਤੀ ਤੇ ਮਾਇਆ ਦੇ ਨਰਕ ਵਿੱਚ ਡੁੱਬੀ ਲੋਕਾਈ ਦਾ ਅਮਾਨਵੀ ਰੋਲ ਦਰਸਾਉਂਦਾ ਹੈ ਉਥੇ ਬਾਬਾ ਜੀ ਵੱਲੋਂ ਆਰੰਭੇ ਇਸ ਮਹਾਨ ਕਾਰਜ ਦੇ ਰਾਹ ਵਿੱਚ ਵਿਅਕਤੀਆਂ, ਸੰਸਥਾਵਾਂ ਤੇ ਸਰਕਾਰਾਂ ਵੱਲੋਂ ਪਾਈਆਂ ਗਈਆਂ ਰੋਕਾਂ ਤੇ ਰੁਕਾਵਟਾਂ ਦਾ ਤਲਖ਼ ਜ਼ਿਕਰ ਵੀ ਕਰਦਾ ਹੈ। ਪ੍ਰੰਤੂ ਬਾਬਾ ਜੀ ਇਹਨਾਂ ਸਾਰੇ ਮਰਹਲਿਆਂ ਨੂੰ ਆਪਣੀ ਰਚਨਾਤਮਕ ਸੂਝ, ਸਿਆਣਪ ਤੇ ਸਾਹਸ ਨਾਲ ਪਾਰ ਕਰਦੇ ਹੋਏ ਗੁਰੂ ਨਾਨਕ ਸਾਹਿਬ ਦੇ ਪੈਗੰਬਰੀ ਪੈਗ਼ਾਮ ਦੀ ਜੋਤ ਜਗਾ ਕੇ ਮਾਨਵ ਜਾਤੀ ਨੂੰ ਵਾਤਾਵਰਣ ਬਚਾਉਣ ਦਾ ਸੁੰਦਰ ਸੁਨੇਹਾ ਤੇ ਸੁਪਨਾ ਦੇਣ ਵਿੱਚ ਕਾਮਯਾਬ ਹੋਏ। ਬਾਬਾ ਜੀ ਨੇ ਘਰ-ਘਰ ਜਾ ਕੇ ਸੰਦੇਸ਼ ਦਿੱਤਾ ਕਿ ਧਰਤੀ, ਅਕਾਸ਼ ਤੇ ਪਾਣੀਆਂ ਦੀ ਸਜੀਵਤਾ ਤੇ ਸਹਿਜਤਾ ਹੀ ਮਨੁੱਖੀ ਜੀਵਨ ਦੀ ਜੀਉਣਯੋਗ ਸਦੀਵਤਾ ਹੁੰਦੀ ਹੈ । ਕਵੀ ਬਾਬਾ ਜੀ ਦੀ ਸਾਧਨਾ, ਸ਼ਿਦਤ ਤੇ ਸਿਦਕਦਿਲੀ ਦਾ ਮੋਹ ਭਰਿਆ ਕਾਵਿਕ ਬਿੰਬ ਉਲੀਕ ਕੇ ਆਪਣੀ ਆਸਥਾ ਮਈ ਅਕੀਦਤ ਭੇਟ ਕਰਦਾ ਹੈ । ਵੇਈਂਨਾਮੇ ਵਿੱਚ ਯੋਗ ਅਗਵਾਈ ਦੇ ਪੱਖੋਂ ਪੰਜਾਬ ਵਾਸੀਆਂ ਦੀ ਤ੍ਰਾਸਦੀ ਦੇ ਸੰਬੰਧ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਮਹਾਨ ਯੋਗਦਾਨ ਦਾ ਅਤੀਤ ਮੁਖੀ ਜ਼ਿਕਰ ਵੀ ਹੈ। ਅਕੀਦਤ ਭਾਵਨਾ ਦੇ ਮੱਦੇਨਜ਼ਰ ਲਿਖੀ ਗਈ ਇਹ ਰਚਨਾ **ਰਸ, ਰਵਾਨੀ ਤੇ ਰਮਜ਼** ਨਾਲ ਭਰਪੂਰ ਹੈ। ਬੈਂਤ ਛੰਦ ਨੂੰ ਨਿਭਾਉਣ ਤੇ ਇਸ ਦੀ ਰੂਹ ਵਿੱਚ ਕਾਵਿਕਤਾ ਭਰਨ ਲਈ ਕਵੀ ਨੇ **ਸ਼ਬਦ, ਸੁਹਜ, ਪ੍ਰਾਕ੍ਰਿਤਕ ਦ੍ਰਿਸ਼ ਚਿਤਰਣ ਤੇ ਨਿਵੇਕਲੇ ਬਿੰਬਾਂ ਅਲੰਕਾਰਾਂ**

ਦਾ ਸਮਰੱਥ ਸਹਾਰਾ ਲਿਆ ਹੈ । ਸਮੁੱਚੀ ਰਚਨਾ ਨੂੰ ਵੱਖ ਵੱਖ ਸਿਰਲੇਖਾਂ ਅਧੀਨ ਵੰਡਣ ਨਾਲ ਬਾਬਾ ਜੀ ਦਾ ਸਮੁੱਚਾ ਜੀਵਨ ਪੰਧ, ਘਟਨਾਵਾਂ ਤੇ ਵੇਰਵੇ ਤਰਤੀਬ ਬੱਧ ਤਰੀਕੇ ਨਾਲ ਰੂਪਮਾਨ ਹੋ ਸਕੇ ਹਨ । ਸਹਿਜ ਸੁਭਾਵਿਕ ਸਰੋਦ ਦੀ ਕੁੱਖ਼ ਵਿੱਚੋਂ ਵੇਗ ਤੇ ਵਹਿਣ ਵਾਂਗ ਹਰ ਘਟਨਾ ਤੇ ਬਿਰਤਾਂਤ ਜਨਮ ਲੈਂਦਾ ਹੈ ਤੇ ਆਕਰਸ਼ਿਤ ਕਰਦਾ ਹੈ । ਸਹਿਜ ਸਖ਼ਸ਼ੀਅਤ ਬਾਰੇ ਲਿਖੀ ਇਹ ਰਚਨਾ ਸਹਿਜ ਚਾਲ ਚਲਦੀ ਹੋਈ ਕੁਦਰਤ ਦੇ ਅਦਭੁੱਤ ਦੈਵੀ ਦ੍ਰਿਸ਼ਾਂ ਦੀ ਮਨਮੋਹਕ ਕਥਾ ਉਲੀਕਦੀ ਹੈ। ਕਵੀ ਕੋਲ ਪਾਣੀਆਂ ਵਿੱਚ ਵਸਦੇ ਜਲ ਜੀਵਾਂ ਤੇ ਪਾਣੀਆਂ ਦੇ ਆਲੇ-ਦੁਆਲੇ ਉੱਗੇ ਬੂਟੇ ਤੇ ਬੂਟੀਆਂ ਦਾ ਅਥਾਹ ਗਿਆਨ ਹੈ । ਚਿੱਕੜ ਤੇ ਗ਼ਾਰ ਨਾਲ ਯੁੱਧ ਕਰਦੇ ਯੋਗੀਆਂ ਨੇ ਜਿਸ ਸਿਦਕ ਤੇ ਸਿਰੜ ਨਾਲ ਵੇਈਂ ਨਦੀ ਨੂੰ ਨਵਾਂ-ਨਰੋਆ ਰੂਪ ਦਿੱਤਾ ਉਸਦਾ ਭਾਵਨਾ ਉਤੇਜਿਤ ਵਰਨਣ ਪ੍ਰਭਾਵਸ਼ਾਲੀ ਹੈ । ਕੁਦਰਤ ਦੀ ਕਰਤਾਰੀ ਕੁੱਖ਼ ਵਿੱਚੋਂ ਪੈਦਾ ਹੋਏ ਦ੍ਰਿਸ਼ਟਮਾਨ ਜਗਤ ਨੂੰ ਸੰਵਾਰ ਸਚਿਆਰ ਕੇ ਹੀ ਬੰਦਾ ਆਪਣੇ ਜੀਵਨ ਤੇ ਅੰਦਰੂਨੀ ਆਤਮਾ ਲਈ ਇੱਕ ਸੋਹਣਾ ਤੇ ਸੁਗੀਲਾ ਸੁਪਨਮਈ ਸੰਸਾਰ ਸਿਰਜ ਸਕਦਾ ਹੈ । ਅਜਿਹਾ ਅਹਿਸਾਸ ਤੇ ਅਚੰਭਾ ਬਾਰ-ਬਾਰ ਪ੍ਰਭਾਵਿਤ ਕਰਦਾ ਹੈ ਅਤੇ ਮਨੁੱਖੀ ਜੀਵਨ ਦੀ ਮਾਨਵਵਾਦੀ ਸਾਰਥਿਕਤਾ ਪ੍ਰਤੀ ਜਾਗਰਿਤੀ ਕਰਦਾ ਹੈ । ਇਉਂ ਇੱਕ **ਤਰਤੀਬ, ਤਰੰਗ ਤੇ ਤਰਕ** ਵਿੱਚ ਬੱਝੀ ਹੋਈ ਜਸਬੀਰ ਦੀ ਇਹ ਰਚਨਾ ਖ਼ਾਬਾਂ ਤੇ ਖ਼ਿਆਲਾ ਦਾ ਅਧਿਆਤਮਕ ਰਹੱਸਮੰਡਲ ਉਸਾਰਦੀ ਹੈ ਤੇ ਲੋਕਾਈ ਨੂੰ ਅਧਿਆਤਮਕ ਮਾਨਵ ਵਾਦ ਵੱਲ ਪਰੇਰਿਤ ਕਰਦੀ ਹੈ । ਜਸਬੀਰ ਦੀ ਇਸ ਰਚਨਾ ਵਿੱਚ **ਵਿਵੇਕ ਦੀ ਗਹਿਰਾਹੀ ਵੀ ਹੈ ਤੇ ਦਾਰਸ਼ਨਿਕਤਾ ਦੀ ਉਚਿਆਈ ਵੀ ਹੈ**। ਧਿਆਨ ਵਿੱਚ ਖੁੱਭ ਕੇ ਲਿਖੇ ਕਾਵਿਕ ਬੋਲ ਗਿਆਨ ਤੇ **ਫਲਸਫ਼ੇ ਦੀਆਂ ਅੱਟਲ ਸਚਾਈਆਂ** ਬਣਕੇ ਪਾਠਕ ਨੂੰ ਵੱਖ ਵੱਖ ਸੰਕਲਪਾਂ ਦੀ ਆਂਤਰਿਕ ਸੋਝੀ ਦਿੰਦੇ ਹਨ। ਅੰਦਰੂਨੀ ਰਮਜ਼ ਦੀ ਸਾਰ ਜਾਨਣ ਵਾਲਾ ਬੰਦਾ ਹੀ ਜੀਵਨ ਦੇ ਨਿਚੋੜ ਤੇ ਨੇਹਮਤਾਂ ਨੂੰ ਏਨੀ ਸਹਿਜ ਕਾਵਿਕਤਾ ਵਿੱਚ ਡਬੋ ਸਕਦਾ ਹੈ।

ਜਸਬੀਰ ਵਾਟਾਂ ਵਾਲੀ ਬਹੁਤ ਪਿਆਰਾ ਇਨਸਾਨ ਹੈ ।ਸਫ਼ਰ ਤੇ ਸਾਧਨਾ ਨੂੰ ਮੋਹ ਕਰਨ ਵਾਲਾ ਵਾਟਾਂ ਵਾਲੀਆ ਜਸਬੀਰ ਬਾਬਾ ਜੀ ਦੀ ਕਰਮਸ਼ੀਲ ਅਤੇ ਕਾਮਿਲ ਸ਼ਖ਼ਸ਼ੀਅਤ ਦਾ ਸੁੱਚਾ-ਸੁੱਚਾ ਭਗਤ ਹੈ। ਉਸ ਕੋਲ ਅਨੁਭਵ ਦੀ ਗਹਿਰਾਈ ਤੇ ਗਗਨਤਾ ਹੈ। ਵਿਚਾਰਾਂ ਦੇ ਪੱਖੋਂ ਆਸ਼ਾਵਾਦੀ ਤੇ ਮਾਨਵ ਹਿਤੈਸ਼ੀ ਹੈ। ਕੁਝ ਕਰਨਾ ਵੀ ਲੋਚਦਾ ਹੈ ।ਉਸਦੀ ਲੋਚਾ ਵਿਚੋਂ ਉਸਦੀ ਸੰਭਾਵੀ ਕਾਵਿਕ ਸਮਰੱਥਾ ਦੇ ਨਕਸ਼ ਲੱਭਦੇ ਹਨ ।ਮਿੱਠੇ ਤੇ ਮੋਹ ਖੋਰੇ ਜਸਬੀਰ ਨਾਲ ਮੇਰਾ ਬਹੁਤ ਮੋਹ ਹੈ ।ਉਸਦੀ ਕਰਤਾਰੀ ਕੁੱਖ ਵਿੱਚੋਂ ਵੱਡੇ ਮਹਾਂਕਾਵਿਕ ਬਿਰਤਾਂਤ ਦੇ ਪੈਦਾ ਹੋਣ ਦੀ ਉਮੀਦ ਹੈ ।ਹਰ ਮਸਲੇ ਤੇ ਮਰਹਲੇ ਨੂੰ ਡੁੱਬਕੇ ਦੇਖਣ ਤੇ ਜਿਊਣ ਦੀ ਉਸਦੀ ਬਿਰਤੀ ਕਾਵਿਕ ਖੋਹ ਨਾਲ ਲਬਰੇਜ਼ ਹੈ ।ਛੋਟੀ ਉਮਰ ਵਿੱਚ ਹੀ ਉਸਨੇ ਜੀਵਨ ਦੇ ਅਨੇਕਾਂ ਰੰਗਾਂ ਤੇ ਰੂਪਾਂ ਦੀ ਨਿਸ਼ਾਨਦੇਹੀ ਪ੍ਰਾਪਤ ਕਰ ਲਈ ਹੈ ।ਰੂਹ ਵਿੱਚ ਸਾਂਭ-ਸਾਂਭ ਕੇ ਰੱਖਿਆ ਜੀਵਨ ਅਨੁਭਵ ਤੇ ਗਿਆਨ ਭਵਿੱਖ ਵਿੱਚ ਉਸਦੀ ਕਵਿਤਾ ਨੂੰ ਵੱਡੇ ਸੁਪਨਿਆਂ ਦੀ ਦੁਨੀਆਂ ਦਾ ਪਾਂਧੀ ਬਣਾਏਗਾ। ਮਿਲਣਸਾਰ ਤੇ ਸਹਿਜ ਬਿਰਤੀ ਵਾਲੇ ਜਸਬੀਰ ਕੋਲ ਬਾਬਾ ਜੀ ਵਰਗੇ ਅਧਿਆਤਮਕ ਅੰਬਰ ਦੀ ਅਗਵਾਈ ਤੇ ਆਸਥਾ ਵੀ ਹੈ।ਮਹਾਨ ਉਦੇਸ਼ ਦੇ ਮੱਦੇਨਜ਼ਰ ਲਿਖੀ ਪਹਿਲੀ ਰਚਨਾ ਕਰਕੇ ਖ਼ਾਮੀਆਂ ਚਿਤਾਰਨ ਵਲ ਮੇਰਾ ਧਿਆਨ ਨਹੀਂ ਗਿਆ।

ਪਿਆਰੀ ਰਚਨਾ ਲਈ ਸ਼ਾਬਾਸ਼, ਬਾਬਾ ਜੀ ਦੇ ਮਹਾਨਤਮ ਯੋਗਦਾਨ ਨੂੰ ਸਿਜਦਾ।

ਇਸ ਤਰ੍ਹਾਂ ਵੀ ਹੋਣਾ ਸੀ ਸਾਡੇ ਹੀ ਸਮਿਆਂ 'ਚ ਅਖੀਰ ਨੂੰ,
ਕਿ ਨੀਹਾਂ ਨੇ ਭੁੱਲ ਜਾਣਾ ਸੀ ਸਾਈਂ ਮੀਆਂ ਮੀਰ ਨੂੰ

?

ਕੁਲਵੰਤ ਸਿੰਘ ਔਜਲਾ
ਪ੍ਰਧਾਨ
ਸਿਰਜਣਾ ਕੇਂਦਰ ਕਪੂਰਥਲਾ (ਰਜਿ:)

# ।। ਇਹ ਗਾਉਂਦੀ ਨਦੀ ।।

ਜਸਬੀਰ ਵਾਟਾਂਵਾਲੀਆ ਨੂੰ ਜਦੋਂ ਮੈਂ ਪਹਿਲੀ ਵਾਰ ਸੁਣਿਆਂ ਤਾਂ ਮੈਨੂੰ ਉਸ ਦੇ ਬੋਲਾਂ ਵਿਚੋਂ ਕਵਿਤਾ ਦੀਆਂ ਛੱਲਾਂ ਸੁਣਾਈ ਦਿੱਤੀਆਂ ਤੇ ਮੈਂ ਉਸ ਨੂੰ ਬਹੁਤ ਸੰਭਾਵਨਾਵਾਂ ਭਰੇ ਕਵੀ ਦੇ ਤੌਰ ਤੇ ਦੇਖਿਆ ਤੇ ਅੱਜ ਜਦੋਂ ਉਹ ਆਪਣਾ ਮਹਾ-ਕਾਵਿ ਲੈ ਕੇ ਕਵਿਤਾ ਦੇ ਦੁਆਰ ਤੇ ਖੜ੍ਹਾ ਹੈ ਤਾਂ ਮੈਨੂੰ ਬਹੁਤ ਖੁਸ਼ੀ ਦਾ ਅਹਿਸਾਸ ਹੋ ਰਿਹਾ ਹੈ। ਉਸ ਦੇ ਮਹਾਕਾਵਿ ਦਾ ਵਿਸ਼ਾ ਓਸੇ ਸੁਲਤਾਨਪੁਰ ਕੋਲੋਂ ਲੰਘਦੀ ਵੇਈਂ ਨਦੀ ਹੈ ਜਿਸ ਦਾ ਨਾਮ ਸਾਡੇ ਗੁਰੂ, ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜੁੜਿਆ ਹੋਇਆ ਹੈ। ਜਿਸ ਦੇ ਪਾਣੀਆਂ ਨੂੰ ਉਹਨਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ।

ਇਹ ਜ਼ਿਕਰ ਕਰਦਿਆਂ ਅੱਖਾਂ ਨਮੋਸ਼ੀ ਨਾਲ ਝੁਕ ਜਾਂਦੀਆਂ ਹਨ ਕਿ ਸਾਡੀ ਸੰਵੇਦਨਹੀਣਤਾ ਨੇ ਉਸ ਵੇਈਂ ਨਦੀ ਨੂੰ ਗੰਧਲੀ ਕਰ ਦਿੱਤਾ। ਇਸ ਦਰਦ ਵਿਚੋਂ ਹੀ ਫੁੱਟਦਾ ਹੈ ਕਵੀ 'ਵਾਟਾਂ ਵਾਲੀਏ' ਦਾ ਮਹਾਕਾਵਿ। ਇਸ ਮਹਾਕਾਵਿ ਦਾ ਨਾਇਕ ਸੰਤ ਬਲਬੀਰ ਸਿੰਘ ਸੀਚੇਵਾਲ ਹੈ। ਜਿਸ ਨੇ ਆਪਣੇ ਹੰਝੂਆਂ ਭਰੇ ਨੈਣ ਝੁਕਾ ਕੇ ਉਸ ਨਦੀ ਨੂੰ ਨਮਸਕਾਰ ਕੀਤਾ ਤੇ ਆਪਣੇ ਹੱਥਾਂ ਨਾਲ ਨਦੀ ਨੂੰ ਸਾਫ਼ ਕੀਤਾ। ਸੰਤ ਬਲਬੀਰ ਸਿੰਘ ਜੀ ਸੀਚੇਵਾਲ ਨੇ ਇਸ ਮਹਾਕਾਵਿ ਦੇ ਨਾਇਕ ਦੇ ਤੌਰ ਤੇ ਸਿਰਫ਼ ਨਦੀ ਨੂੰ ਹੀ ਸਾਫ਼ ਨਹੀਂ ਕੀਤਾ ਸਗੋਂ ਮਾਨਵਤਾ ਵਿਚ ਆਤਮ-ਪਾਵਨਤਾ ਦੀ ਭਾਵਨਾ ਜਗਾ ਕੇ ਕੁਦਰਤ ਨੂੰ ਪਿਆਰ ਕਰਨ ਅਤੇ ਸਾਨੂੰ ਕੁਦਰਤ ਦਾ ਪ੍ਰੇਮ ਪ੍ਰਾਪਤ ਕਰਨ ਦੇ ਯੋਗ ਬਣਾਇਆ

ਕੁਦਰਤ ਉੱਤੇ ਜਿੱਤ ਪ੍ਰਾਪਤ ਕਰਨ ਜਾਂ ਕੁਦਰਤ ਨਾਲ ਸੰਘਰਸ਼ ਕਰਨ ਦੇ ਮਹਾਕਾਵਿ ਤਾਂ ਹੋਰ ਵੀ ਹਨ ਪਰ **ਕੁਦਰਤ ਦਾ ਦਰਦ ਵੰਡਾਉਣ ਵਾਲਾ ਇਹ ਪਹਿਲਾ ਮਹਾਕਾਵਿ ਹੈ। ਇਹ ਮਹਾਕਾਵਿ ਵੀ ਆਪਣੇ ਆਪ ਵਿਚ ਇਕ ਨਦੀ ਹੈ। ਸ਼ਬਦਾਂ ਦੀ ਨਦੀ ਜੋ ਮਨਾਂ ਦੇ ਮਾਰੂਥਲਾਂ ਨੂੰ ਸਿੰਜ ਰਹੀ ਹੈ।** ਇਸ ਦਾ ਵਹਿਣ, ਇਸ ਦਾ ਰਾਗ, ਇਸ ਦਾ ਤਾਲ ਇਕ ਪਿਆਰ ਦਾ ਅਨੂਠਾ ਰਾਗ ਹੈ।

ਮੈਂ ਸੰਤ ਸੀਚੇਵਾਲ ਜੀ ਦੀ ਅਥੱਕ ਘਾਲਣਾ ਨੂੰ ਨਮਸਕਾਰ ਕਰਦਾ ਹਾਂ ਅਤੇ ਜਸਬੀਰ ਵਾਟਾਂ ਵਾਲੀਏ ਦੀ ਨਿਰਮਲ ਨਜ਼ਰ ਨੂੰ ਨਮਸਕਾਰ ਕਰਦਾ ਹਾਂ ਜਿਸ ਨੇ ਆਪਣੇ ਸਮਿਆਂ ਦੇ ਨਾਇਕ ਨੂੰ ਪਹਿਚਾਣਿਆ ਤੇ ਸ਼ਬਦ-ਸ਼ਬਦ ਵਾਕ-ਵਾਕ ਇਸ ਅਦਭੁਤ ਮਹਾਕਾਵਿ ਦੀ ਸਿਰਜਨਾ ਕੀਤੀ।

**ਸੁਰਜੀਤ ਪਾਤਰ**

# ਦਿਲ ਦੀ ਗੱਲ

ਇਹ ਕਾਵਿ-ਕਥਾ ਇੱਕ ਇਤਿਹਾਸਕ ਬਿਰਤਾਂਤ ਹੈ ਜੋ ਸਾਡੇ ਸਮਿਆਂ ਵਿੱਚ ਵਾਪਰਿਆ ਇਸ ਨਵੀਨ ਇਤਿਹਾਸ ਨੂੰ ਪੁਰਾਤਨ ਇਤਿਹਾਸਕ ਪ੍ਰਸੰਗਾਂ ਵਿੱਚ ਰੱਖ ਕੇ ਵਾਰ-ਵਾਰ ਤੋਲਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਵਿੱਚ ਸਾਡੇ ਸਮਿਆਂ ਦਾ ਸਮਾਜ, ਧਰਮ ਤੇ ਧਾਰਮਿਕ ਭਾਵਨਾਵਾਂ ਵਾਲੇ ਲੋਕ, ਫਲਸਫੇ ਅਤੇ ਉਹਨਾਂ ਵਿਚਲੇ ਅੰਤਰ-ਭੇਦ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਵੀ ਇਤਿਹਾਸਕ ਪ੍ਰਸੰਗਾਂ ਨਾਲ ਤੋਲਣ ਦਾ ਯਤਨ ਕੀਤਾ ਗਿਆ ਹੈ।


ਇਸ ਸਾਰੇ ਕੁਝ ਨੂੰ ਜਿਵੇਂ ਮੈਂ ਦੇਖਿਆ, ਸੁਣਿਆ, ਮਹਿਸੂਸਿਆ ਉਸਨੂੰ ਆਪਣੇ ਅਨੁਭਵ ਦੀਆਂ ਗਹਿਰਾਈਆਂ ਵਿੱਚੋਂ ਸੂਖਮਤਾ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਫਿਰ ਵੀ ਸਾਹਿਤ ਅਜਿਹੀ ਵਿਧਾ ਹੈ ਜਿਸ ਵਿੱਚ ਅਗਲੇਰੀਆਂ ਸੰਭਾਵਨਾਵਾਂ ਦੀ ਗੁੰਝਾਇਸ਼ ਹਮੇਸ਼ਾ ਹੀ ਬਣੀ ਰਹਿੰਦੀ ਹੈ। ਇਹ ਕਾਵਿ-ਕਥਾ ਮੇਰੀ ਹੁਣ ਤੱਕ ਦੀ ਹਾਸਲ ਸਮੱਰਥਾ ਦਾ ਨਤੀਜਾ ਹੈ।

ਇਸ ਕਾਵਿ-ਕਥਾ ਨੂੰ ਲਿਖਤੀ ਰੂਪ ਦੇ ਨਾਲ-ਨਾਲ ਵੱਖੋ ਵੱਖਰੇ ਢੰਗਾਂ ਨਾਲ ਗਾ ਕੇ ਵੀ ਪੇਸ਼ ਕਰਨ ਦਾ ਨਿਵੇਕਲਾ ਯਤਨ ਕੀਤਾ ਗਿਆ ਹੈ। ਜਿਸਦੀ ਪੇਸ਼ਕਸ਼ ਹਰਪ੍ਰੀਤ ਸਿੰਘ ਕਾਹਲੋਂ ਵੱਲੋਂ ਕੀਤੀ ਗਈ ਹੈ।

ਇਸ ਕਾਵਿ ਕਥਾ ਲਈ ਸਾਰੇ ਹੀ ਸਹਿਯੋਗੀ ਸੱਜਣਾ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ।

**ਜਸਬੀਰ ਵਾਟਾਂ ਵਾਲੀ**

# WAY OF KALI BEIN




Sultanpur Lodhi (Distt. Kapurthala)

# ਵੇਈਂ ਨਾਮਾ..

ਭਾਵੇਂ ਕੋਈ ਵੀ ਹੋਵੇ ਵਿਚਾਰਧਾਰਾ, ਅਮਲਾਂ ਬਾਝ ਨਾ ਕਦੇ ਵੀ ਆਏ ਕ੍ਰਾਂਤੀ
ਬੀਜ ਕ੍ਰਾਂਤੀ ਦਾ ਫੁੱਟਦਾ ਅਮਲ ਵਿੱਚੋਂ, ਕਈਆਂ ਕੀਮਤਾਂ ਉੱਤੇ ਲਹਿਰਾਏ ਕ੍ਰਾਂਤੀ
ਸਿਰਫ਼ ਸਾਧਨਾ ਅਤੇ ਬਲੀਦਾਨ ਗੋਡੀ, ਸਿੰਜੀ ਖ਼ੂਨ ਦੇ ਨਾਲ ਹੀ ਜਾਏ ਕ੍ਰਾਂਤੀ
ਮੁੱਲ ਏਸਦਾ ਤਾਰਨਾ ਪਏ ਵੱਡਾ, ਭਾਅ ਕੌਡੀਆਂ ਕਦੇ ਨਾ ਥਿਆਏ ਕ੍ਰਾਂਤੀ



ਲੇਖਕ:-ਜਸਬੀਰ ਸਿੰਘ ਵਾਟਾਂਵਾਲੀ

ISBN NO : 978-93-82413-86-8

5 ਆਬ Parkashan, Jalandhar
*Desh Bhagat Yadgar Hall, Jalandhar.*
*Punjab, India*
*Phone : 98140-87063*
*5aabparkashan@gmail.com*
*www.5aabparkashan.com*